# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ AMRITSAR

## ਗਿਆਨੀ ਦਾਤਾਰ ਸਿੰਘ ਜੀ, ਦਿਲੀ

APRIL 1985

ਅਪ੍ਰੈਲ ੧੯੮੫



ਆਪ ਜੀ ਸਮੇਤ ਪਰਵਾਰ ਦੇ ਪੰਜ ਮੈਂਬਰ ਦਿਲੀ ਦੀ ਗੁੰਡਾ-ਗਰਦੀ ਦਾ ਸ਼ਿਕਾਰ ਹੋਏ ।

www.AKJ.Org

# ਤਤਕਰਾ


| | | |
|---|---|---|
| ਅੰਮ੍ਰਿਤ ਪਾਨ ਕਰਨਾ ਜੀਵਨ-ਗੁੜ੍ਹਤੀ ਹੈ | ੨ | — — |
| ਖਾਲਸੇ ਦੀ ਜਨਮ-ਗੁੜ੍ਹਤੀ | ੩ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਖਾਲਸਾ | ੪ | ,, ,, ,, |
| ਧਰਮ ਦਾ ਕੁੰਡਾ | ੭ | 'ਸੂਰਾ' ਪਰਵਾਰ |
| ਪਹਿਲਾਂ ਮਰਣੁ ਕਬੂਲਿ | ੯ | ਪ੍ਰੋਫ਼ੈਸਰ ਗੁਰਮੁਖ ਸਿੰਘ ਜੀ |
| ਸਭ ਤਰ੍ਹਾਂ ਦੀ ਸੇਵਾ ਨਿਭਾਉਣ ਵਾਲੇ ਗੁਰਮੁਖਾਂ ਪ੍ਰਤੀ ਬੇਨਤੀ | ੧੬ | ਜਥੇਦਾਰ ਅਖੰਡ ਕੀਰਤਨੀ ਜਥਾ |
| ਸ਼ਹੀਦ ਭਾਈ ਤਾਰਾ ਸਿੰਘ ਜੀ 'ਵਾਂ' (੬) | ੧੭ | ਕੈਪਟਿਨ ਸਵਰਨ ਸਿੰਘ ਜੀ |
| ਗ਼ੱਦਾਰ ਕੌਣ ? | ੨੬ | ਸ: ਬਚਨ ਸਿੰਘ ਜੀ ਪ੍ਰਦੇਸੀ |
| ਅੱਜ ਦੇਸ਼ ਦੇ ਰਖਵਾਲੇ ਮਾਰੀਦੇ ਮਰਦੇ ਨੇ (ਕਵਿਤਾ) | ੨੭ | ਸ: ਸੰਤਾ ਸਿੰਘ ਜੀ ਆਜਿਜ਼ |
| 'ਸੇਵਾ ਕਰਤ ਹੋਇ ਨਿਹਕਾਮੀ' | ੨੮ | ,, ,, |
| ਪੰਜ ਪਿਆਰੇ ਪ੍ਰਗਟ ਕਰਨ ਸਮੇਂ ਝਟਕੇ ਦੀ ਕਲਪਣਾ ? | ੩੦ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਧਾਰਿ ਕ੍ਰਿਪਾ ਪ੍ਰਭ ਹਾਥ ਦੇ ਰਾਖਿਆ | ੩੧ | ਸ: ਹਰਿੰਦਰ ਸਿੰਘ ਜੀ |
| ਖੜਤਾਲਾਂ ਹੀ ਖੜਤਾਲਾਂ | ੩੩ | ਭਾਈ ਬਲਦੇਵ ਸਿੰਘ ਜੀ |
| ਸਬਕ ਸਿਖਾਉਣ ਦੀ ਤਬਾਹੀ | ੩੪ | ਸ੍ਰੀ ਅਰੁਨ ਸ਼ੋਰੀ |
| ਵਿਸ਼ੇਸ਼ ਅਦਾਲਤਾਂ ਕਿਉਂ ? | ੩੯ | ਖਾਲਸਾ ਸਮਾਚਾਰ |
| ਗਿਆਨੀ ਦਾਤਾਰ ਸਿੰਘ ਜੀ ਦਿਲੀ | ੪੦ | ਸੂਰਾ ਪਰਵਾਰ |


| | | | | | |
|---|---|---|---|---|---|
| ਸ੍ਰੀ ਗੁਰ ਤੇਗ ਬਹਾਦਰ ਜੀ ਗੁਰਿਆਈ | | ੩ ਅਪ੍ਰੈਲ | ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ | ਜੋਤੀ ਜੋਤਿ | ੬ ਅਪ੍ਰੈਲ |
| ਸ੍ਰੀ ਗੁਰੂ ਤੇਗ ਬਹਾਦਰ ਜੀ | ਅਵਤਾਰ | ੯ ਅਪ੍ਰੈਲ | ਸ੍ਰੀ ਗੁਰੂ ਅਰਜਨ ਦੇਵ ਜੀ | ਅਵਤਾਰ | ੧੧ ਅਪ੍ਰੈਲ |
| ਸ੍ਰੀ ਗੁਰ ਅੰਗਦ ਦੇਵ ਜੀ | ਅਵਤਾਰ | ੨੧ ਅਪ੍ਰੈਲ | ਖਾਲਸੇ ਦਾ ਜਨਮ-ਦਿਨ | ਵੈਸਾਖੀ | ੧੩ ਅਪ੍ਰੈਲ |

# ਅੰਮ੍ਰਿਤ ਪਾਨ ਕਰਨਾ ਜੀਵਨ-ਗੁੜ੍ਹਤੀ ਹੈ

ਅੰਮ੍ਰਿਤ-ਸੰਚਾਰ ਨਿਰੀ ਮਰਯਾਦਾ ਜਾਂ ਨਿਰਾ ਪ੍ਰਣ ਹੀ ਨਹੀਂ ਸਗੋਂ ਇਹ ਤਾਂ ਇਕ ਜੀਵਨ-ਗੁੜ੍ਹਤੀ ਹੈ ਅਤੇ ਆਯੂ ਪ੍ਰਯੰਤ ਸਫਲ ਜੀਵਨ ਜੀਉਣ ਦੀ ਇਕ ਜਾਚ ਤੇ ਵਿਉਂਤ ਹੈ। ਅੰਮ੍ਰਿਤ ਪਾਨ ਕਰ ਕੇ ਜਿਥੇ ਨਿਗੁਰਿਓਂ ਸਗੁਰੇ ਬਣੀਦਾ ਹੈ ਓਥੇ ਨਾਮ-ਅੰਮ੍ਰਿਤ ਦੀ ਪ੍ਰਾਪਤੀ ਵੀ ਹੁੰਦੀ ਹੈ, ਜਿਸ ਨੂੰ ਸਵਾਸ ਸਵਾਸ ਜਪ ਕੇ 'ਲੋਕ ਸੁਖੀਏ ਪਰਲੋਕ ਸੁਹੇਲੇ' ਹੋਈਦਾ ਹੈ। ਇਸ ਨਾਮ-ਗੁੜ੍ਹਤੀ ਤੋਂ ਬਿਨਾਂ ਸਾਰਾ ਸੰਸਾਰ ਭੰਬਲ-ਭੂਸਿਆਂ ਵਿਚ ਸੜਦਾ ਬਲਦਾ ਚੌਰਾਸੀ ਦੇ ਗੇੜ ਵਿਚ ਪਿਆ ਹੋਇਆ ਹੈ। ਛੁਟਕਾਰੇ ਦਾ ਸਾਧਨ ਕੇਵਲ "ਨਾਮ" ਹੈ।

ਨਾਮ ਦੀ ਗੁੜ੍ਹਤੀ ਅੰਮ੍ਰਿਤ ਛਕਣ ਸਮੇਂ ਪੰਜਾਂ ਪਿਆਰਿਆਂ ਤੋਂ ਪ੍ਰਾਪਤ ਹੁੰਦੀ ਹੈ। ਅੰਮ੍ਰਿਤ ਛਕਾਉਣ ਦਾ ਮੁਖ ਪ੍ਰਯੋਜਨ ਹੀ ਨਾਮ-ਗੁੜ੍ਹਤੀ ਦੁਆਰਾ "ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਇ" ਦੀ ਲਾਗ ਲਾਉਣਾ ਹੈ। ਅਜਿਹੀ ਲਾਗ ਜੋਤਿ-ਜਗੰਨੇ ਪੰਜ ਪਿਆਰੇ ਹੀ ਲਾ ਸਕਦੇ ਹਨ, ਜੋ ਦਿਨ ਰਾਤ ਨਾਮ ਦੀ ਅਤੁਟ ਕਮਾਈ ਕਰਦੇ ਹੋਣ ਤੇ ਗੁਰਮਤੀ ਜੀਵਨ ਜੀਂਦੇ ਹੋਇ ਬੇਦਾਗ ਹੋਣ।

ਨਾਮ ਤੋਂ ਬਿਨਾ ਨਿਰੀ ਰਸਮ ਪੂਰੀ ਕਰਨ ਖਾਤਰ ਕੀਤੇ ਅੰਮ੍ਰਿਤ-ਪਰਚਾਰ ਨਾਲ ਜੀਵਨ-ਪਲਟਾ ਨਹੀਂ ਆ ਸਕਦਾ। ਜਿਥੇ ਪੰਜਾਂ ਪਿਆਰਿਆਂ ਰਾਹੀਂ 'ਨਾਮ' ਦ੍ਰਿੜ ਨਹੀਂ ਕਰਾਇਆ ਜਾਂਦਾ ਓਥੇ ਜੀਵਨ-ਪਲਟਾ ਆ ਹੀ ਨਹੀਂ ਸਕਦਾ। ਪੰਜਾਂ ਤੋਂ ਬਗੈਰ ਕਿਸੇ ਇਕੱਲੇ ਦੁਕੱਲੇ ਨੂੰ ਨਾਮ ਜਾਂ ਅੰਮ੍ਰਿਤ ਦੇਣ ਦਾ ਅਧਿਕਾਰ ਨਹੀਂ ਹੈ। ਪੰਜਾਂ ਵਿਚ ਹੀ ਪਰਮੇਸ਼ਰ ਦੀ ਕਲਾ ਵਰਤਦੀ ਹੈ—ਇਕ ਸਿਖੁ, ਦੁਇ ਸਾਧ ਸੰਗ, ਪੰਜੀਂ ਪਰਮੇਸ਼ਰ ॥ [ਭਾਈ ਗੁਰਦਾਸ ਜੀ ੧੩/੧੯


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧.੪.੮੫ ਨੂੰ ਪ੍ਰਕਾਸ਼ਤ ਕੀਤਾ।

ਟੈਲੀਫ਼ੋਨ ਨੰਬਰ : 51847 ਘਰ 43094


www.AKJ.Org

# ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

ੴ ਵਾਹਿਗੁਰੂ ਜੀ ਕੀ ਫਤਹ

# ਸੂਰਾ

ਮਾਸਕ — ਸ੍ਰੀ ਅੰਮ੍ਰਿਤਸਰ — ਪੱਤਰ


**ਸਾਲਾਨਾ ਚੰਦਾ**

| | |
|---|---|
| ਦੇਸ | ੧੫-੦੦ |
| ਇਕ ਪਰਚਾ | ੧-੫੦ |
| **ਪਰਦੇਸ** | |
| ਸਮੁੰਦਰੀ ਡਾਕ | ੩੫-੦੦ |
| ਹਵਾਈ ਡਾਕ | |
| ਅਰਬ, ਮਲਾਇਆ | ੫੫-੦੦ |
| ਯੂ. ਕੇ., ਅਫਰੀਕਾ | ੭੫-੦੦ |
| ਕੈਨੇਡਾ, ਅਮਰੀਕਾ | ੯੦-੦੦ |
| **ਅਮਾਨਤੀ ਲਾਈਫ ਮੈਂਬਰ** | |
| ਦੇਸ | ੧੫੦-੦੦ |
| ਪਰਦੇਸ | ੩੫੦-੦੦ |
| ਹਵਾਈ ਡਾਕ | |
| ਯੂ. ਕੇ. ਅਫਰੀਕਾ | ੭੫੦-੦੦ |
| ਕੈਨੇਡਾ, ਅਮਰੀਕ | ੯੦੦-੦੦ |
| ਅਰਬ ਮਲਾਇਆ | ੫੫੦-੦੦ |

## ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ.

ਜਿਲਦ ੧੯ ਅਪ੍ਰੈਲ ੧੯੮੫ ਅੰਕ ੪


## ਖਾਲਸੇ ਦੀ ਜਨਮ-ਗੁੜ੍ਹਤੀ

ਖੰਡੇਧਾਰ ਅੰਮ੍ਰਿਤ ਦੀ ਗੁੜ੍ਹਤੀ ਦੇ ਕੇ ਸ੍ਰੀ ਦਸਮੇਸ਼ ਕਲਗੀਧਰ ਸੱਚੇ ਪਾਤਿਸ਼ਾਹ ਨੇ, ਖਾਲਸੇ ਨੂੰ ਜੀਅ-ਦਾਨੀ ਜਨਮ ਦਿਤਾ। ਜੀਅ-ਦਾਨ ਦੇ ਕੇ ਜੁਗੋ ਜੁਗ ਅਟੱਲ ਕੀਤਾ। ਖੜਗ-ਕਤ ਅਕਾਲ ਪੁਰਖ ਦੇ ਲੜਿ ਲਾਇਆ। ਨਿਰਭਉ ਅਕਾਲ ਪੁਰਖ ਦਾ ਨਾਮ ਜਪਾਇਆ। ਨਿਰਭਉ ਨਾਮ ਜਪਾ ਕੇ, ਨਿਰਭੈ ਅਕਾਲ ਪੁਰਖ ਦੇ ਲੜਿ ਲਾ ਕੇ ਸਦਾ ਕਾਲ-ਜਿਤ ਨਿਰਭੈ ਜੋਧਾ ਬਣਾਇਆ। "ਨਿਰਭਉ ਜਪੈ ਸਗਲ ਭਉ ਮਿਟੈ" ਦੇ ਗੁਰਵਾਕ ਅਨੁਸਾਰ ਕਾਲ (ਮੌਤ) ਦੇ ਭੈ ਤੋਂ ਅਭੈ ਹੋਣਾ ਖਾਲਸੇ ਦੀ ਜਨਮ-ਗੁੜ੍ਹਤੀ ਹੈ।

ਨਿਰਭੈ ਨਾਮ ਦੀ ਚੜ੍ਹਦੀ ਕਲਾ ਵਿਚ ਖੇਡਣਹਾਰੇ ਖਾਲਸਾ ਜੀ ਦੇ ਸੀਸ ਉਤੇ ਸਰਬ ਕਾਲ ਤੇ ਸਰਬ ਸਮਰੱਥ ਸ੍ਰੀ ਅਕਾਲ ਪੁਰਖ ਦਾ ਭਾਰੀ ਭੁਜਾਨੀ ਹੱਥ ਹੈ। ਸਦੀਵਕਾਲ ਏਸ ਭਾਰੀ ਭੁਜਾਨ ਦਾ ਭਰੋਸਾ ਹੈ। ਖਾਲਸਾ ਪੰਥ ਨੂੰ ਸਾਜਣ ਦਾ ਮੁਖ ਉਦੇਸ਼ ਸ੍ਰੀ ਦਸਮੇਸ਼ ਜੀਉ ਦੀਨ ਦੁਨੀ ਦੇ ਪਾਤਿਸ਼ਾਹ ਦੇ ਸਨਮੁਖ ਦੀਨ ਦੁਖੀਆਂ ਦੀ ਰਛਿਆ ਕਰਨਾ, ਕੁਬੁਧ ਕਰਨ ਤੋਂ ਲੋਕਾਂ ਨੂੰ ਹਟਾਉਣਾ, ਦੁਸ਼ਟ ਦੋਖੀਅਨ ਕਉ ਪਕੜਿ ਪਛਾੜਨਾ, ਅਤੇ ਸੱਚਾ ਧਰਮ ਖਿਲਾਰਨਾ ਸੀ। ਧਰਮ ਹੇਤ ਹੀ ਅਕਾਲ ਪੁਰਖ ਨੇ ਸ੍ਰੀ ਦਸਮੇਸ਼ ਜੀਉ ਨੂੰ ਪਠਾਇਆ ਅਤੇ ਧਰਮ ਹੇਤ ਹੀ ਸ੍ਰੀ ਦਸਮੇਸ਼ ਜੀਉ ਨੇ ਖਾਲਸਾ ਪੰਥ ਸਜਾਇਆ। ਸ੍ਰੀ ਦਸਮੇਸ਼ ਜੀਉ ਨੇ ਆਪਣੇ ਸਾਜੇ ਨਿਵਾਜੇ ਖਾਲਸਾ ਜੀ ਨੂੰ 'ਨਿਰਭੈ ਨਾਮ' ਦਾਨ ਦਿਤਾ ਅਤੇ ਸੱਚੇ ਪਰਉਪਕਾਰ ਦੀਆਂ ਸਚੀਆਂ ਬਰਕਤਾਂ ਬਖਸ਼ ਕੇ ਜੁਗਾਂ ਜੁਗਾਂਤਰਾਂ ਲਈ "ਧਰਮ ਚਲਾਵਨ ਸੰਤ ਉਬਾਰਨ ਦੁਸ਼ਟ ਸਭਨ ਕਉ ਮੂਲ ਉਪਾਰਨ" ਦਾ ਧੁਰਵਾ ਬੰਨ੍ਹ ਦਿਤਾ।

ਭਾ: ਸਾ: ਰਣਧੀਰ ਸਿੰਘ ਜੀ ਲਿਖਤ "ਭਾਰੀ ਭੁਜਾਨ ਕੋ ਭਾਰੀ ਭਰੋਸੋ" ਟਰੈਕਟ ਵਿਚੋਂ

www.AKJ.Org

# ਖਾਲਸਾ

## ਪੂਰਨ ਜੋਤਿ ਜਗੈ ਘਟ ਮਹਿ ਤਬ ਖਾਲਸਾ ਤਾਹਿ ਨਖਾਲਸ ਜਾਨੈ ॥

[ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਵੈਸਾਖੀ ਖਾਲਸੇ ਦਾ ਜਨਮ ਦਿਨ ਹੈ। ਸਤਿਕਾਰ ਯੋਗ ਭਾਈ ਸਾਹਿਬ ਜੀ ਨੇ ਇਸ "ਖਾਲਸਾ" ਨਾਮੀ ਲੇਖ ਵਿਚ ਨਿਰਣਯ ਕੀਤਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ, ਨਾਮ ਅਭਿਆਸ ਕਮਾਈਆਂ ਵਾਲੇ ਪੰਜਾਂ ਪਿਆਰਿਆਂ ਦੁਆਰਾ ਗੁਰਮਤਿ ਨਾਮ ਪ੍ਰਾਪਤ ਕਰ ਕੇ, ਦਿਨੇ ਰਾਤ ਹਰ ਵੇਲੇ ਇਸ 'ਜਾਗਤ-ਜੋਤਿ-ਨਾਮ' ਨੂੰ ਜਪੀ ਜਾਣਾ ਹੀ ਫਲੀਭੂਤ ਹੋ ਸਕਦਾ ਹੈ। ਜਿਨ੍ਹਾਂ ਗੁਰਮੁਖ ਪਿਆਰਿਆਂ ਦੇ ਘਟਾਂ ਅੰਤਰਿ ਇਸ ਪੂਰਨ ਜਾਗਤ ਜੋਤਿ ਦਾ ਪ੍ਰਕਾਸ਼ ਹੋ ਜਾਂਦਾ ਹੈ, ਐਸੇ ਜਨ ਹੀ ਨਿਰੋਲ-ਨਿਖਾਲਸ ਖਾਲਸੇ ਹਨ।

ਭਾਈ ਸਾਹਿਬ ਜੀ ਦੇ ਇਸ ਲੇਖ ਦੀ ਰੌਸਨੀ ਵਿਚ ਅਸੀਂ ਆਪਣੇ ਅੰਦਰ ਝਾਤੀ ਮਾਰੀਏ ਤੇ ਵੇਖੀਏ ਕਿ ਅਸੀਂ ਕਿਥੇ ਕੁ ਖੜੇ ਹਾਂ ਅਤੇ ਕਿੰਨੀ ਕੁ ਇਨ੍ਹਾਂ ਹੁਕਮਾਂ ਦੀ ਪਾਲਣਾ ਕਰਦੇ ਹਾਂ।

—ਸੰਪਾਦਕ

**ਜਾਗਤ ਜੋਤਿ ਕੀ ਹੈ ?–**

ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ ॥
ਊਚ ਨੀਚ ਮਹਿ ਜੋਤਿ ਸਮਾਣੀ ਘਟਿ ਘਟਿ ਮਾਧਉ ਜੀਆ ॥੧॥ (੨॥੧॥੧੯)
ਸੋਰਠਿ ਮ: ੫, ਪੰਨਾ ੬੧੭

ਗੁਰਵਾਕ ਦੇ ਭਾਵ ਅਨੁਸਾਰ ਆਤਮ-ਸੱਤਾ ਦੀ ਜੀਵਨ-ਕਣੀ ਕਰਕੇ ਤਾਂ ਪਰਮਾਤਮਾ ਦੀ ਜੋਤਿ ਸਰਬ ਘਟਾਂ ਵਿਖੇ ਬਿਰਾਜਮਾਨ ਹੈ, ਪਰ ਇਹ ਜੀਵਨ-ਜੋਤਿ-ਕਣੀ ਪ੍ਰਜੁਲਤ ਤਿਥੇ ਹੁੰਦੀ ਹੈ ਜਿਥੇ ਇਸ ਆਤਮ-ਜੀਵਨ-ਜੋਤਿ-ਕਣੀ ਨੂੰ ਪਰਮਾਤਮਾ ਦੇ 'ਅੰਮ੍ਰਿਤ-ਨਾਮ ਦੀ ਜਾਗ' ਲਗਦੀ ਹੈ। ਪਰਮਾਤਮਾ ਦੇ ਇਸ ਅੰਮ੍ਰਿਤ-ਨਾਮ ਦੀ ਜਾਗ ਹਰੇਕ ਘਟ ਮਾਤਰ ਵਿਖੇ ਹੀ ਹੁੰਦੀ ਤਾਂ ਘਟ-ਆਤਮ ਸਾਰੇ ਆਪੋਂ ਹੀ ਜਗ ਉਠਦੇ। ਬੈਸੰਤਰ ਤਾਂ ਸਗਲ ਬਨਸਪਤ ਮਾਹਿ ਬਿਰਾਜਮਾਨ ਹੈ। ਅਗਨੀ ਆਪਣੀ ਅੰਸ ਕਰਕੇ ਹਰੇਕ ਕਾਠ ਲਕੜੀ ਅੰਦਰਿ ਮਉਜੂਦ ਹੈ। ਸਾਰੇ ਦੁੱਧ ਅੰਦਰ ਘਿਉ ਦੀ ਅੰਸ ਮਉਜੂਦ ਹੈ। ਪਰ ਦੁੱਧ ਨੂੰ ਜਾਗ ਲਗੀ ਬਿਨਾਂ ਅਤੇ ਕਾਠੰਤਰਿ-ਛੁਪੀ-ਅਗਨ ਨੂੰ ਲਾਗ ਲਗੇ ਬਿਨਾਂ ਨਾਹੀਂ ਦੁਧ ਵਿਚੋਂ ਘਿਉ ਨਿਕਲਦਾ ਹੈ ਅਤੇ ਨਾਹੀਂ ਕਾਠ ਲਕੜੀ ਵਿਚੋਂ ਅਗਨੀ ਪ੍ਰਚੰਡ ਹੁੰਦੀ ਹੈ। ਤਿਵੇਂ ਹੀ ਘਟ ਘਟ ਵਿਖੇ ਰਮ ਸਮ ਰਹੀ ਜੋਤਿ, ਬਿਨਾਂ ਅੰਮ੍ਰਿਤ-ਨਾਮ ਦੀ ਜਾਗ-ਲਾਗ ਤੋਂ ਅੰਦਰੋਂ ਪ੍ਰਜੁਲਤ ਪਰਗਟ ਹੋ ਕੇ ਜਗਦੀ ਨਹੀਂ।

ਤਾਂ ਤੇ ਸਿਧ ਹੋਇਆ ਕਿ ਸਰਬ ਘਟਾਂ ਅੰਦਰ ਵਿਆਪ ਰਹੀ ਆਤਮ-ਜੋਤਿ-ਜੀਵਨ-ਕਣੀ ਆਪੋਂ ਨਹੀਂ ਜਗ ਸਕਦੀ। ਇਸ ਵਿਚਿ ਆਪੋਂ ਜਗ ਉਠਣ ਦੀ ਸਮਰੱਥਾ ਹੀ ਨਹੀਂ। ਇਸ ਦੇ ਜਾਗਣ ਦਾ ਜਾਗ ਇਸ ਦੀ ਸਮਰੱਥਾ ਤੋਂ ਬਾਹਰ ਹੈ, ਇਸ ਦੇ ਆਪਣੇ ਹੱਥ ਹੀ ਨਹੀਂ। ਜੇ ਐਸਾ ਹੁੰਦਾ ਤਾਂ ਜਣਾ ਕਣਾ ਆਦਮੀ ਹੀ ਨਾ ਆਪਣੇ ਅੰਦਰ ਜੋਤਿ ਜਗਾ ਬਹਿੰਦਾ। ਇਸ ਜਣੇ ਕਣੇ ਜੀਵਨ ਅੰਦਰਿ ਰਮ ਸਮ ਰਹੀ ਆਤਮ ਜੋਤਿ ਨੂੰ ਕੋਈ ਜਾਗਤ ਜੋਤਿ ਹੀ ਜਗਾ ਸਕਦੀ ਹੈ। ਜੋਤੀ ਸਰੂਪ ਪਰਮਾਤਮਾ ਅਕਾਲ ਪੁਰਖ ਵਾਹਿਗੁਰੂ ਜਾਗਤ ਜੋਤਿ ਹੈ। ਇਸ ਜੋਤੀ ਸਰੂਪ ਅਕਾਲ ਪੁਰਖ ਪਰਮਾਤਮਾ ਦਾ ਗੁਪਤੋਂ ਪਰਗਟ ਹੋਣ ਵਾਲਾ ਸਰੂਪ ਹੀ ਜਾਗਤ ਜੋਤਿ ਹੈ ਅਤੇ ਬਿਸਮਾਦ ਰੂਪ ਹੈ। ਜੋਤੀ ਸਰੂਪ ਦਾ 'ਜਾਗਤ ਜੋਤਿ' ਵਿਚਿ ਗੁਪਤੋਂ ਪਰਗਟ ਹੋਣਾ ਬਿਸਮਾਦ ਜਨਕ ਹੈ। ਜੋਤੀ ਸਰੂਪ ਦਾ ਜਾਗਤ ਜੋਤਿ ਸਰੂਪ ਹੀ ਪ੍ਰਕਾਸ਼-ਕਲਾ ਸੰਪੰਨ ਹੈ। ਜੋਤੀਸ਼ ਪ੍ਰਭੂ ਦਾ ਸ੍ਵੈ ਪ੍ਰਕਾਸ਼, ਜਾਗਤ-ਜੋਤਿ-ਸਰੂਪ ਕੇਵਲ



www.AKJ.Org

ਨਿਜ ਸਰੂਪ ਨੂੰ ਪ੍ਰਕਾਸ਼ਨ ਦੀ ਜੋਤਿ ਜਗੰਨ ਸੰਪੰਨ ਹੀ ਨਹੀਂ, ਬਲਕਿ ਇਸ ਜਾਗਤ ਜੋਤਿ ਬਿਸਮਾਦ ਪ੍ਰਕਾਸ਼ ਸਰੂਪ ਦੇ ਪਰਸਿਆਂ ਹਰ ਇਕ ਆਤਮ-ਜੋਤਿ ਪ੍ਰਕਾਸ਼-ਪ੍ਰਜੁਲਤ ਹੁੰਦੀ ਹੈ, ਅਰਥਾਤ ਹਰੇਕ ਆਤਮ-ਜੋਤਿ, ਜਾਗਤ-ਜੋਤਿ ਜੋਤੀਸ਼ ਦੀ ਜਾਗ-ਲਾਗ ਨਾਲ ਹੀ ਜਗਦੀ ਹੈ । ਸ੍ਵੈਕਲਾ ਦੁਆਰਾ ਗੁਪਤੋਂ ਪਰਗਟ ਹੋਏ ਜੋਤਿ-ਪ੍ਰਕਾਸ਼ ਜਾਗਤ-ਜੋਤਿ ਜੋਤੀਸ਼ ਦਾ ਨਾਮ ਹੀ ਵਾਹਿਗੁਰੂ ਹੈ। ਇਹ ਨਾਮ ਅਰਥਾਤ ਇਹ ਜੋਤਿ-ਪ੍ਰਕਾਸ਼ੀ-ਜਾਗਤ-ਜੋਤਿ ਸਰੂਪ ਹੀ ਜਾਗਤ-ਜੋਤਿ-ਕਲਾ ਸੰਪੰਨ ਹੈ, ਅਰਥਾਤ ਜੋਤਿ-ਕਲਾ ਜਗਾਉਣ ਦੇ ਸਮਰੱਥ ਹੈ । ਜੋਤਿ-ਪ੍ਰਕਾਸ਼ ਦੇ ਪਰਸਿਆਂ ਹੀ ਹਰੇਕ ਆਤਮ-ਜੋਤਿ ਦੇ ਪ੍ਰਕਾਸ਼ ਹੁੰਦਾ ਹੈ। ਬਾਰੰਬਾਰ ਜਾਗਤ-ਜੋਤਿ ਨੂੰ ਪਰਸਣਾ ਅਤੇ ਪਰਸੀ ਜਾਣਾ, ਬਾਰੰਬਾਰ ਪਰਸਣਾ ਹੀ ਆਤਮ-ਜੋਤਿ ਦੇ ਘਟ ਅੰਦਰਿ ਜਗਾਉਣ ਦਾ ਚੁੰਭਕ ਰਸਾਇਣ ਹੈ। ਇਸ ਜਾਗਤ-ਜੋਤਿ ਨੂੰ ਬਾਰੰ ਬਾਰ ਆਤਮ-ਜੋਤਿ ਦੇ ਪਰਸ਼ਣ ਦਾ ਨਾਉਂ ਜਾਗਤ-ਜੋਤਿ ਦਾ ਜਪਣਾ ਹੈ, ਤਦੇ ਹੀ ਸ੍ਰੀ ਦਸਮੇਸ਼ ਜੀ ਨੇ ੩੩ ਸਵੱਯਾ ਦੇ ਅਰੰਭ ਵਿਚ ਉਚਾਰਨ ਕੀਤਾ ਹੈ :–

"ਜਾਗਤ ਜੋਤਿ ਜਪੈ ਨਿਸ ਬਾਸੁਰ"

ਨੋਟ ਕਰੋ 'ਨਿਸ ਬਾਸੁਰ' ਦੀ ਫੋਰਸ (Force) ਨੂੰ। ਨਿਸ ਬਾਸੁਰ—ਰਾਤ ਦਿਨੇ ਜਾਗਤ ਜੋਤਿ ਨੂੰ ਜਪੀ ਜਾਣ ਦੀ ਤਕੜਾਈ ਕੀਤੀ ਸ੍ਰੀ ਦਸਮੇਸ਼ ਜੀ ਨੇ ਸ੍ਰੀ ਖਾਲਸਾ ਜੀ ਨੂੰ। ਉਪਰ ਪਹਿਲਾਂ ਹੀ ਸਿਧ ਹੋ ਚੁਕਾ ਹੈ ਕਿ ਜਾਗਤ ਜੋਤਿ ਦਾ ਪਰਗਟ ਸਰੂਪ "ਵਾਹਿਗੁਰੂ" ਨਾਮ ਹੈ । ਤਾਹੀਂ 'ਜਾਗਤ-ਜੋਤਿ ਜਪੈ' ਆਖਿਆ ਹੈ ਸ੍ਰੀ ਦਸਮੇਸ਼ ਜੀ ਨੇ । ਜਾਗਤ-ਜੋਤਿ ਨੂੰ ਜਪਣ ਦੇ ਅਰਥ ਹੋਰ ਕੁਝ ਬਣ ਹੀ ਨਹੀਂ ਸਕਦੇ। ਬਸ "ਜਾਗਤ ਜੋਤਿ ਜਪੈ" ਦਾ ਸਪੱਸ਼ਟ ਅਰਥ ਸ੍ਰੀ ਦਸਮੇਸ਼ ਜੀ ਦੇ ਸਿਧਾਂਤ ਅਨੁਸਾਰ "ਵਾਹਿਗੁਰੂ ਨਾਮ ਜਪੈ" ਸਿਧ ਹੋਇਆ, ਅਤੇ ਇਸ ਨਾਮ ਨੂੰ ਨਿਸ ਬਾਸਰ ਜਪਣ ਦਾ ਤਾਕੀਦੀ ਹੁਕਮ ਸ੍ਰੀ ਦਸਮੇਸ਼ ਜੀ ਨੇ ਇਸ ਪੰਗਤੀ ਦੁਆਰਾ ਦ੍ਰਿੜ੍ਹਾਇਆ। ਸ੍ਵੈਪ੍ਰਕਾਸ਼ਤ ਕਲਾ ਕਰਿ ਨਾਮ ਨਾਮੀ ਦਾ ਅਭੇਦ ਹੋਣਾ ਭੀ ਭਲੀ ਭਾਂਤ ਸਿਧ ਹੋ ਚੁਕਾ ਹੈ :–

ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ ॥੧॥ (ਆਸਾ ਦੀ ਵਾਰ, ਪੰਨਾ ੪੬੩)

ਰੂਪੀ ਗੁਰਵਾਕ ਵੀ ਇਸ ਸਿਧਾਂਤ ਦੀ ਪ੍ਰੋੜ੍ਹਤਾ ਕਰਦਾ ਹੈ। ਸ੍ਵੈਕਲਾ ਪ੍ਰਕਾਸ਼ਤ ਅਤੇ ਸ੍ਵੈਰਚਿਤ ਹੋਣ ਕਰਿ ਹੀ, ਅਤੇ ਆਦ ਅਨਾਦ ਅਪਰੰਪਰਾ ਪਰਾਪੂਰਬਲਾ ਹੋਣ ਦੇ ਕਾਰਨ ਇਹੋ ਨਾਮ ਹੀ ਸਤਿਨਾਮ, ਅਰਥਾਤ ਇਹੋ ਨਾਮ ਹੀ ਸਤਿ ਹੈ। ਏਕੈ ਇਸੇ ਨਾਮ ਬਿਨਾਂ ਹੋਰ ਸਭ ਨਾਮ ਅਸੱਤ ਹਨ, ਅਥਵਾ ਕਿਰਤਮ ਨਾਮ ਹਨ ।

"ਜਾਗਤ ਜੋਤਿ ਜਪੈ ਨਿਸ ਬਾਸੁਰ" ਦੀ ਅਗਲੀ ਅੱਧੀ ਪੰਗਤੀ 'ਏਕ ਬਿਨਾ ਮਨਿ ਨੈਕ ਨ ਆਨੈ' ਸਾਫ਼ ਸਿਧ ਕਰਦੀ ਹੈ ਕਿ ਏਕੋ ਨਾਮੁ, ਉਪਰ ਦਸੇ ਗੁਰਮਤਿ ਨਾਮ ਤੋਂ ਬਿਨਾਂ, ਏਕੈ ਸਤਿ ਪਦਾਰਥ ਸਤਿਨਾਮ ਤੋਂ ਬਿਨਾਂ, ਇਕ ਤੋਂ ਅਨਿਕ (ਅਨ-ਇਕ ਨੈਕ) ਅਸੱਤ ਪਦਾਰਥ ਨੂੰ ਮਨ ਅੰਦਰਿ ਨ ਲਿਆਵੈ, ਭਾਵ ਨਿਸ ਬਾਸੁਰ ਨਾਮ ਜਪਣ ਵਾਲੇ ਦੀ ਸੱਚੀ ਨਾਮ-ਅਭਿਆਸ-ਅਰੂੜ-ਅਵਸਥਾ ਇਹ ਹੁੰਦੀ ਹੈ ਕਿ ਨਾਮ, ਏਕੈ ਨਾਮ ਜਪਣ ਤੋਂ ਬਿਨਾਂ ਉਸ ਦੇ ਮਨ ਅੰਦਰ ਕਿਸੇ ਹੋਰ ਚੀਜ਼ ਦਾ ਨਿਵਾਸ ਨਹੀਂ ਹੁੰਦਾ ।

ਰਤੇ ਰੰਗਿ ਪਾਰਬ੍ਰਹਮ ਕੈ ਮਨੁ ਤਨੁ ਅਤਿ ਗੁਲਾਲੁ ॥
ਨਾਨਕ ਵਿਣੁ ਨਾਵੈ ਆਲੂਦਿਆ ਜਿਤੀ ਹੋਰੁ ਖਿਆਲੁ ॥੩॥ (੧੦)
ਮਾਰੂ ਵਾਰ ਡਖਣੇ ਮ: ੫, ਪੰਨਾ ੧੦੯੭

ਸੱਚ ਮੁੱਚ ਨਾਮ ਅਭਿਆਸੀ ਦੇ ਹਿਰਦੇ ਅੰਦਰਿ ਨਾਮ ਬਿਨਾਂ ਦੂਤੀ-ਆਲੂਦ-ਪ੍ਰਾਗੰਦਾ ਖ਼ਿਆਲ ਟਿਕ ਨਹੀਂ ਸਕਦੇ। ਨਾਮ ਬਿਨਾਂ ਸੁਫਨੇ, ਅਫੁਰਨੇ, ਸੰਕਲਪ, ਵਿਕਲਪ, ਸ਼ੁਭ ਅਸ਼ੁਭ ਵਾਸ਼ਨਾ ਸਭਿ ਪ੍ਰਾਗੰਦਾ ਖਿਆਲੀਆਂ ਹਨ। 'ਜਾਗਤ ਜੋਤਿ ਜਪੈ ਨਿਸ ਬਾਸੁਰ' ਦੇ ਹੁਕਮ ਕਮਾਵਣ ਦਾ ਪਾਰਸ ਪ੍ਰਭਾਵੀ ਫਲ ਇਹ ਹੁੰਦਾ ਹੈ ਕਿ ਬਸ 'ਏਕ ਬਿਨਾ ਮਨਿ ਨੈਕ ਨ ਆਨੈ ॥'

ਗੁਰਮਤਿ ਨਾਮ ਅਭਿਆਸ ਕਮਾਈ ਵਾਲਾ ਗੁਰਮੁਖ ਜਨ ਏਕੈ ਨਾਮ ਦਾ ਹੀ ਅਨਿੰਨ ਉਪਾਸ਼ਕ, ਅਨਿੰਨ ਅਭਿਆਸੀ ਅਤੇ ਏਕੈ ਅਕਾਲ ਪੁਰਖ ਦਾ ਹੀ ਅਨਿੰਨ ਭਗਤ ਹੋ ਜਾਂਦਾ ਹੈ। ਉਸ ਦੇ ਹਿਰਦੇ (ਮਨ) ਅੰਦਰਿ



www.AKJ.Org

ਇਹੋ ਏਕੇ ਨਾਮ ਦੇ ਅਨਿੰਨ ਅਭਿਆਸ ਦੀ ਹੀ ਪੂਰਨ ਪ੍ਰੇਮ-ਪ੍ਰਤੀਤ ਸੁਭਾਇਮਾਨ ਹੁੰਦੀ ਹੈ।

'ਪੂਰਨ ਪ੍ਰੇਮ ਪ੍ਰਤੀਤ ਸਜੈ'

ਇਸ ਪੱਕ ਪ੍ਰਤੀਤ ਸੱਚ ਸ਼ਰਧਾ ਭਾਵਨੀ ਤੋਂ ਉਖੜ ਕੇ ਨਾਮ ਦਾ ਅਨਿੰਨ ਅਭਿਆਸੀ, ਅਕਾਲ ਦਾ ਅਨਿੰਨ ਉਪਾਸ਼ਕ ਆਪਣੀਆਂ ਮਨੋ-ਕਾਮਨਾ ਮਨੋਰਥਾਂ ਦੀ ਸਿਧੀ ਹੇਤ ਅਨੁਮਤੀਆਂ ਵਤ ਬ੍ਰਤ, ਗੋਰ, ਮੜ੍ਹੀ, ਮਟ ਆਦਿਕ ਦੀ ਮੰਨਤਾ ਵਲ ਕਦੋਂ ਜਾਂਦਾ ਧਾਂਵਦਾ ਹੈ। ਜਦ ਉਸ ਦੇ ਮਨ ਅੰਦਰ "ਏਕ ਬਿਨਾ ਮਨ ਨੈਕ ਨ ਆਨੈ" ਵਾਲੀ ਸ਼ਰਧਾ-ਭਾਵਨੀ ਵਰਤ ਰਹੀ ਹੋਵੇ, ਤਦ ਹੋਰ ਕਿਸੇ ਵਲ ਉਸਦਾ ਧਾਵਣਾ ਕੀ ? ਐਸੇ ਜਨ ਇਕੋ ਅਕਾਲ ਪੁਰਖ ਦੀ ਨਾਮ ਅਭਿਆਸ ਉਪਾਸ਼ਨਾ ਰੂਪੀ ਤੀਰਥ ਦਾਨ ਦਇਆ ਤਪ ਸੰਜਮ ਬਿਨਾਂ ਹੋਰ ਕਿਸੇ ਆਨ ਤੀਰਥ ਦਾਨ ਦਇਆ ਤਪ ਸੰਜਮ ਨੂੰ ਨਹੀਂ ਸਿਆਣਦੇ ਪਛਾਣਦੇ। ਏਕੈ ਜਾਗਤ ਜੋਤਿ ਦਾ ਨਿਸਬਾਸਰੀ ਅਨਿੰਨ ਅਭਿਆਸ ਹੀ ਸਰਬ ਕਲਾ ਕਲਿਆਣਕਾਰੀ ਹੈ।

**ਜਾਗਤ-ਜੋਤਿ ਕਿਵੇਂ ਜਗਦੀ ਹੈ ?–**

ਇਸ ਨਾਮ ਰੂਪੀ ਜਾਗਤ ਜੋਤਿ ਦਾ ਅਭਿਆਸ ਰੂਪੀ ਜਾਗੁ, ਪਾਰਸ-ਸੁਪਰਸ਼ਨੀ-ਜਾਗੁ ਉਸੇ ਵਡਿਭਾਗੀ ਆਤਮ-ਆਕ੍ਰਖਣੀ-ਰੂਹ ਨੂੰ ਲਗਦਾ ਹੈ, ਜਿਸ ਦੇ ਘਟ ਅੰਤਰ ਗੁਰੂ ਕਰਣਾ ਕਰਿ, ਗੁਰੂ ਰੂਪੀ ਜੋਤਿ ਪ੍ਰਕਾਸ਼ਕੀ ਬਿਸਮਾਦ ਕਲਾ ਸਪਰਸ਼ੀ ਜਾਏ। ਇਹ ਕੇਵਲ ਗੁਰੂ-ਹੁਕਮ ਅਨੁਸਾਰ ਗੁਰੂ-ਜੋਤਿ-ਕਲਾ ਪ੍ਰਕਾਸ਼ਕ੍ਰਿਸ਼ਮੀ ਗੁਰੂ ਸਰੂਪ ਪੰਚਾਂ ਪਿਆਰਿਆਂ ਦੇ ਪਾਰਸ ਸੁਪਰਸ਼ਨੀ ਕ੍ਰਿਸ਼ਮੇ ਦੁਆਰਾ ਹੀ ਸੁਪਰਸ਼ੀ ਜਾ ਸਕਦੀ ਹੈ। ਨਾਮ ਅਭਿਆਸ ਕਮਾਈ ਵਾਲੇ, ਘਟੰਤਰਿ ਜਗਨ-ਜੋਤੀਸ਼ੀ ਦੀਵਿਆਂ ਵਾਲੇ ਅੰਮ੍ਰਿਤਧਾਰੀ ਪੰਚਾਂ ਪਿਆਰਿਆਂ ਦੀ, ਗੁਰੂ ਸਰੂਪ ਸੰਪੂਰਨ ਕਲਾ ਕ੍ਰਿਸ਼ਮੀ-ਨਾਮ-ਦਾਤਿ ਰੂਪੀ ਚੰਭਕ ਸਪਰਸ਼ ਹੀ ਨਾਮ ਰੂਪੀ ਜਗਨ ਜੋਤਿ ਦੀਵੇ ਅਧਿਕਾਰੀ ਜਗਿਆਸੂ ਜਨਾਂ ਦੇ ਘਟਾਂ ਅੰਦਰ ਜਗਾ ਸਕਦੀ ਹੈ। ਪ੍ਰਗਟ ਗੁਰਾਂ ਦੀ ਦੇਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ, ਗੁਰੂ ਦਸਮੇਸ਼ ਜੀ ਦੇ ਖੰਡੇ ਦੇ ਅੰਮ੍ਰਿਤਧਾਰੀ ਤਿਆਰ-ਬਰ-ਤਿਆਰ, ਅੰਮ੍ਰਿਤ-ਕਲਾ-ਕ੍ਰਿਸ਼ਮੀ ਨਾਮ ਅਭਿਆਸ ਕਮਾਈਆਂ ਵਾਲੇ ਪੰਜਾਂ ਪਿਆਰਿਆਂ ਦੁਆਰਾ ਜਗਿਆਸੂ ਜਨਾਂ ਦੇ ਘਟਾਂ ਅੰਦਰਿ ਗੁਰਮਤਿ ਨਾਮ ਬੀਜ ਮਾਤਰ ਬੀਜਿਆ ਹੋਇਆ ਹੀ ਜਾਗਤ ਜੋਤਿ ਪ੍ਰਕਾਸ਼ਨੀ ਕਲਾ ਸਰੂਪ ਵਿਚ ਹੀ ਫਲੀਭੂਤ ਹੋ ਸਕਦਾ ਹੈ, ਐਵੇਂ ਨਹੀਂ। ਇਸ ਬਿਧਿ ਬੀਜ ਮਾਤਰ ਜਗਿਆਸੂ ਜਨ ਦੇ ਘਟੰਤਰਿ ਪਰਵੇਸ਼ਿਆ ਹੋਇਆ ਜਾਗਤ-ਜੋਤਿ ਨਾਮ ਨਿਸਬਾਸੁਰ ਹੀ ਅੰਮ੍ਰਿਤਧਾਰੀ ਜਗਿਆਸੂ ਜਨਾਂ ਤੋਂ ਜਪਿਆ ਅਭਿਆਸਿਆ ਕਮਾਇਆ ਜਾਵੇ ਤਦ ਜਾ ਕੇ ਜਾਗਤ ਜੋਤਿ ਆਪਣੀ ਪੂਰੀ ਕਲਾ ਵਿਚ ਜਗਿਆਸੂ ਜਨਾਂ ਦੇ ਘਟਾਂ ਅੰਦਰਿ ਜਗਦੀ ਹੈ। ਘਟ ਅੰਦਰਿ ਪਰ ਜਗਾਈ ਹੀ ਜਗਦੀ ਹੈ, ਉਪਰ ਦਸੀ ਬਿਧੀ ਅਨੁਸਾਰ ਜਗਾਈ ਹੀ ਜਗਦੀ ਹੈ। **ਜਿਨ੍ਹਾਂ ਗੁਰਮੁਖ ਜਨਾਂ ਦੇ ਘਟਾਂ ਅੰਤਰਿ ਇਸ ਪੂਰਨ ਜਾਗਤ ਜੋਤਿ ਦਾ ਪ੍ਰਕਾਸ਼ ਹੋ ਜਾਂਦਾ ਹੈ, ਐਸੇ ਜਨ ਹੀ ਨਿਰੋਲ (ਨਿਖਾਲਸ) ਨਿਰੇ ਖਾਲਸ ਖਾਲਸੇ ਹਨ।**

["ਗੁਰਮਤਿ ਵਿਚਾਰ" ਪੁਸਤਕ ਵਿਚੋਂ

---

**ਖਾਲਸਾ ਜੀ ਦੀ ਮੌਜ ਮਸਤੇਜ ਨਿਰਾਲੀ–ਖਾਲਸਾ ਜੀ ਦੀ ਆਤਮ-ਔਜ ਨਿਰਾਲੀ**

ਖਾਲਸਾ ਜੀ ਦਾ ਜੈਕਾਰਾ ਗੱਜ ਗਜਾਲਾ

ਖਾਲਸਾ ਜੀ ਦਾ ਜਿਗਰਾ ਜੱਗ ਜਗਾਲਾ

ਖਾਲਸਾ ਜੀ ਦਾ ਮਸਤਕ ਦੱਗ ਦਗਾਲਾ

ਖਾਲਸਾ ਜੀ ਦਾ ਜਬ੍ਹਾ ਚੜ੍ਹਦੀ ਕਲਾ ਵਾਲਾ

ਖਾਲਸਾ ਜੀ ਦਾ ਚਿਹਨ ਚਕਰ ਨਿਰਾਲਾ

ਖਾਲਸਾ ਜੀ ਦਾ ਬਿਜੈ ਨਿਸ਼ਾਨ ਨਿਰਾਲਾ

**ਖਾਲਸਾ ਜੀ ਦੀ ਗੁਫ਼ਤਾਰ ਰਫ਼ਤਾਰ ਨਿਰਾਲੀ–ਖਾਲਸਾ ਜੀ ਦੀ ਚਾਲ ਢਾਲ ਨਿਰਾਲੀ–ਖ਼ਾਲਸੇ ਦੀ ਲਿਵ-ਧੁਨ ਨਿਰਾਲੀ**

['ਸਿੰਘਾਂ ਦਾ ਪੰਥ ਨਿਰਾਲਾ' ਵਿਚੋਂ

www.AKJ.Org

# ਧਰਮ ਦਾ ਕੁੰਡਾ

ਵਖ ਵਖ ਵਿਦਵਾਨਾਂ ਨੇ 'ਧਰਮ' ਦੇ ਵਖ ਵਖ ਅਰਥ ਕੀਤੇ ਹਨ, ਪਰ ਗੁਰਮਤਿ ਦੇ ਝਰੋਖੇ ਵਿਚੋਂ ਦੇਖਿਆਂ 'ਧਰਮ' ਦੀ ਸਹੀ ਪ੍ਰੀਭਾਸ਼ਾ ਹੈ "ਆਪਣੇ ਆਪੇ ਵਲ, ਆਪਣੇ ਕਰਤੇ (ਰਚਣਹਾਰ) ਵਲ ਅਤੇ ਆਪਣੇ ਭਾਈਚਾਰੇ ਵਲ ਕਰਤੱਵ"। ਧਰਮ ਸਰਵ-ਪੂਰਨ ਜੀਵਨ ਰਸਤਾ ਹੈ।

**ਧਰਮ ਨਿਬਾਹੁਣ ਦਾ ਨਾਂ 'ਸਿਖੀ' ਹੈ।** ਧਰਮ ਨਿਬਾਹੁਣ ਦੇ ਮੂਲ ਪੱਖ, ਅਕਾਲ ਪੁਰਖ ਦੀ ਹੋਂਦ-ਹਸਤੀ ਤੇ ਦ੍ਰਿੜ੍ਹ ਵਿਸ਼ਵਾਸ, ਸਤਿਗੁਰੂ ਦੁਆਰਾ ਪ੍ਰਾਪਤ ਹੋਏ ਨਾਮ ਬਾਣੀ ਦੀ ਕਮਾਈ, ਸਮਾਜ ਦੀ ਸੇਵਾ ਅਤੇ ਜ਼ੁਲਮ ਦਾ ਟਾਕਰਾ ਕਰਨਾ ਹੈ।

ਇਸ ਸੰਖੇਪ ਲੇਖ ਦਾ ਮੰਤਵ ਧਰਮ ਦੇ ਉਪ੍ਰੋਕਤ ਵਰਣਤ ਅਖ਼ੀਰਲੇ ਪੱਖ--**ਜ਼ੁਲਮ ਦਾ ਟਾਕਰਾ**—ਨੂੰ ਨਿਖੇਰਨਾ, ਨਿਤਾਰਨਾ ਅਤੇ ਸਪਸ਼ਟ ਕਰਨਾ ਹੈ। ਧਰਮ ਦੀ ਪਾਲਨਾ ਕਰਨਾ ਅਤੇ ਅਧਰਮ ਦਾ ਵਿਨਾਸ਼ ਕਰਨਾ ਇਕੋ ਟੀਚੇ ਦੇ ਵਖ ਵਖ ਸਾਧਨ ਹਨ। ਕੋਈ ਖੇਤੀ ਸੁਰੱਖਿਅਤ ਨਹੀਂ ਰਹਿ ਸਕਦੀ ਜੇ ਵਾੜ ਨਾ ਹੋਵੇ।

ਧਰਮ ਅਤੇ ਅਧਰਮ ਦੀ ਜੰਗ ਆਦਿ ਕਾਲ ਤੋਂ ਨਿਰੰਤਰ ਜਾਰੀ ਹੈ। ਸੋ ਅਧਰਮ ਨੂੰ ਪਛਾੜਨ ਲਈ ਧਰਮੀ ਬੰਦਿਆਂ ਵਲੋਂ ਸ਼ਕਤੀ ਦਾ ਪ੍ਰਯੋਗ ਕਰਨਾ ਅਤੇ ਹਰ ਤਰ੍ਹਾਂ ਦੀ ਕੁਰਬਾਨੀ ਕਰਨ ਲਈ ਤੱਤਪਰ ਰਹਿਣਾ ਇਕ ਅਵੱਸ਼ ਕਰਮ ਹੈ। ਗੁਰਬਾਣੀ ਦਾ ਫੁਰਮਾਨ ਹੈ—

(੧) ਸੰਤਾ ਮਾਨਉ ਦੂਤਾ ਡਾਨਉ ਇਹ ਕੁਟਵਾਰੀ ਮੇਰੀ ॥੨॥੪॥ (ਪੰਨਾ ੯੬੯)

(੨) ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥੨॥੨॥ (ਪੰਨਾ ੧੧੦੫)

(੩) ਹੇ ਰਵਿ ਹੇ ਸਸਿ ਹੇ ਕਰਣਾਨਿਧ, ਮੇਰੀ ਅਬੈ ਬਿਨਤੀ ਸੁਨ ਲੀਜੈ ॥
ਔਰ ਨ ਮਾਂਗਤ ਹਉ ਤੁਮ ਤੇ ਕਛੁ, ਚਾਹਤ ਹੌਂ ਚਿਤ ਮੈਂ ਸੋਈ ਕੀਜੈ ॥
ਸ਼ਸਤ੍ਰਨ ਸੋਂ ਅਤਿ ਹੀ ਰਣ ਭੀਤਰ, ਜੂਝ ਮਰੋਂ ਤਉ ਸਾਚ ਪਤੀਜੈ ॥
ਸੰਤ ਸਹਾਇ ਸਦਾ ਜਗ ਮਾਇ ਕ੍ਰਿਪਾ ਕਰਿ ਸਯਾਮ ਇਹੈ ਬਰ ਦੀਜੈ ॥੧੯੦੦॥
ਦਸਮ ਗ੍ਰੰਥ, ਕ੍ਰਿਸ਼ਨਾਵਤਾਰ

(੪) ਦੇਹ ਸ਼ਿਵਾ ਬਰ ਮੋਹਿ ਇਹੈ, ਸੁਭ ਕਰਮਨ ਤੇ ਕਬਹੂੰ ਨ ਟਰੋਂ ॥
ਨ ਡਰੋਂ ਅਰਿ ਸੋਂ ਜਬ ਜਾਇ ਲਰੋਂ, ਨਿਸਚੈ ਕਰ ਅਪਨੀ ਜੀਤ ਕਰੋਂ ॥
ਅਰੁ ਸਿਖਹੋਂ ਆਪਨੇ ਹੀ ਮਨ ਕੌ, ਇਹ ਲਾਲਚ ਹਉ ਗੁਨ ਤਉ ਉਚਰੋਂ ॥
ਜਬ ਆਵ ਕੀ ਅਉਧ ਨਿਦਾਨ ਬਨੈ ਅਤ ਹੀ ਰਨ ਮੈਂ ਤਬ ਜੂਝ ਮਰੋਂ ॥੨੩੧॥
ਦਸਮ ਗ੍ਰੰਥ, ਚੰਡੀ ਚਰਿਤ੍ਰ

(੫) ਹਮ ਇਹ ਕਾਜ ਜਗਤ ਮੋ ਆਏ ॥ ਧਰਮ ਹੇਤ ਗੁਰਦੇਵ ਪਠਾਏ ॥
ਜਹਾਂ ਤਹਾਂ ਤੁਮ ਧਰਮ ਬਿਥਾਰੋ ॥ ਦੁਸਟ ਦੋਖੀਅਨਿ ਪਕਰਿ ਪਛਾਰੋ ॥੪੨॥
[ਪਾ: ੧੦, ਬਚਿਤ੍ਰ ਨਾਟਕ, ਧਿਆਇ ੬

(੬) ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ੱਸਤ ॥
ਹਲਾਲ ਅਸਤ ਬੁਰਦਨ ਬਸ਼ਮਸ਼ੀਰ ਦਸਤ ॥੨੨॥* [ਪਾ: ੧੦, ਜ਼ਫਰਨਾਮਾ

ਸੋ ਸਪਸ਼ਟ ਹੈ ਕਿ ਸਿਖ ਨੇ ਨਾਮ ਬਾਣੀ ਦੁਆਰਾ ਆਪਣੇ ਆਪੇ ਨੂੰ ਸ਼ੁਧ ਕਰ ਕੇ ਪਰਮ-ਆਪੇ ਵਿਚ ਲੀਨ ਕਰਨਾ ਹੈ ਅਤੇ ਫਿਰ ਭਗਤੀ ਤੋਂ ਉਪਜੀ ਸ਼ਕਤੀ ਨੂੰ ਧਰਮ ਦੇ ਵਿਥਾਰਨ ਅਤੇ ਅਧਰਮ ਦੇ ਵਿਨਾਸ਼

---

*ਜਦੋਂ ਕੋਈ ਕੰਮ ਸਾਰੇ ਹੀ ਹੀਲਿਆਂ ਉਪਾਵਾਂ ਤੋਂ ਲੰਘ ਜਾਵੇ ਤਾਂ ਹੱਥ ਵਿਚ ਸ੍ਰੀ ਸਾਹਿਬ ਲੈਣੀ ਹੱਕ ਬਣਦਾ ਹੈ।



www.AKJ.Org

ਲਈ ਵਰਤੋਂ ਵਿਚ ਲਿਆਉਣਾ ਹੈ। ਧਰਮ ਦਾ ਵਿਥਾਰਨ ਅਤੇ ਅਧਰਮ ਦਾ ਵਿਨਾਸ਼ ਹੈਨ ਤਾਂ ਧਰਮ ਦੇ ਹੀ ਅੰਗ, ਪਰ ਅਜ ਦੀ ਬੋਲੀ ਵਿਚ ਇਹਨਾਂ ਨੂੰ ਸਿਆਸਤ ਕਿਹਾ ਜਾਂਦਾ ਹੈ। ਉਂਜ ਜੇ 'ਧਰਮ' ਅਤੇ 'ਸਿਆਸਤ' ਨੂੰ ਇਹਨਾਂ ਦੀ ਪ੍ਰਚਲਤ ਅਰਥਾਵਲੀ ਦੇ ਅਧਾਰ ਤੇ ਵਿਚਾਰਿਆ ਜਾਵੇ ਤਾਂ ਦੋਹਾਂ ਦਾ ਕਾਰਜ-ਖੇਤਰ ਇਕ ਦੂਜੇ ਤੋਂ ਉਲਟ ਨਜ਼ਰ ਆਉਂਦਾ ਹੈ। ਜਿਥੇ ਧਰਮ ਮਨੁਖ ਨੂੰ ਆਤਮਕ ਪ੍ਰਗਤੀ, ਪਰਉਪਕਾਰ ਅਤੇ ਕੁਰਬਾਨੀ ਲਈ ਉਤੇਜਤ ਕਰਦਾ ਹੈ ਓਥੇ ਅਜ ਦੀ ਸਿਆਸਤ ਮਾਦੀ ਪ੍ਰਗਤੀ, ਨਿਜੀ ਸੁਆਰਥ ਅਤੇ ਮੌਕਾ-ਪ੍ਰਸਤੀ ਵਲ ਪ੍ਰੇਰਦੀ ਹੈ।

**ਧਰਮ ਪਾਲਨ ਕਰਨਾ ਤੇ ਆਪਣੇ ਚੌਗਿਰਦੇ ਵਿਚ ਧਰਮ ਬਿਥਾਰਨਾ ਅਤੇ ਅਧਰਮ ਦਾ ਡਟ ਕੇ ਮੁਕਾਬਲਾ ਕਰਨਾ ਸਿਖ ਦਾ ਮੁਖ ਉਦੇਸ਼ ਹੈ। ਇਸੇ ਮਨੌਤ ਦੇ ਅਧਾਰ ਤੇ ਸਿਖ-ਧਰਮ ਵਿਚ ਧਰਮ ਅਤੇ ਸਿਆਸਤ ਦੀ ਸਾਂਝ ਸਵੀਕਾਰ ਕੀਤੀ ਗਈ ਹੈ।** ਵਾਸਤਵ ਵਿਚ ਗੱਲ ਇਹ ਹੈ ਕਿ 'ਧਰਮ' ਸਿੱਖੀ ਅਨੁਸਾਰ ਜੀਵਨ ਦਾ ਸਰਬ-ਸੰਪੂਰਨ ਰਾਹ ਹੈ, ਭਾਵੇਂ ਸਮਾਜਕ ਜੀਵਨ ਵਿਚ ਧਰਮ ਦੀ ਪਾਲਨਾ ਨੂੰ ਸਿਆਸਤ ਮੰਨ ਲਿਆ ਗਿਆ ਹੈ।

ਸਿੱਖੀ ਦੇ ਅਰੰਭਕ ਕਾਲ ਵਿਚ ਸਤਿਗੁਰੂ ਜੀ ਸਿਖੀ ਦੇ ਸਇਅਮ ਸੰਚਾਲਕ ਸਨ। ਉਹਨਾਂ ਦੇ ਜੀਵਨ ਦਾ ਹਰ ਪੱਖ ਨਿਰਮਲ, ਸਵੱਛ, ਸੰਪੂਰਨ ਅਤੇ ਨਿਰ-ਸ੍ਵਾਰਥ ਸੀ। ਉਹਨਾਂ ਤੋਂ ਮਗਰੋਂ ਜਿੰਨੀ ਦੇਰ ਤਕ ਸਿਖ ਆਗੂਆਂ ਦਾ ਜੀਵਨ ਨਿਰਮਲ, ਸਵੱਛ, ਅਤੇ ਨਿਰ-ਸ੍ਵਾਰਥ ਰਿਹਾ, ਧਰਮ ਦਾ ਬੋਲ ਬਾਲਾ ਰਿਹਾ ਅਤੇ ਸਿਖਾਂ ਦੀ ਨਿਜੀ ਅਤੇ ਪੰਥਕ ਪੱਧਰ ਤੇ ਪ੍ਰਗਤੀ ਹੁੰਦੀ ਰਹੀ। ਸਤਿਗੁਰਾਂ ਨੇ ਅਤੇ ਸਿਖ ਸੂਰਮਿਆਂ ਨੇ ਧਰਮ ਪਾਲਿਆ ਅਤੇ ਅਧਰਮ ਦੇ ਵਿਨਾਸ਼ ਲਈ ਜੰਗ ਜੁਧ ਵੀ ਕੀਤੇ ਅਤੇ ਜਦੋਂ ਜਦੋਂ ਰਾਜ-ਕਾਜ ਕਰਨ ਦਾ ਸਮਾ ਆਇਆ, ਉਹ ਧਰਮ ਦੀ ਅਧਾਰ-ਸ਼ਿਲਾ ਤੇ ਹੀ ਨਿਬਾਹਿਆ।

ਕੁਝ ਦੇਰ ਤੋਂ ਦੇਖਿਆ ਜਾ ਰਿਹਾ ਹੈ ਕਿ ਸਿਖ ਸਿਆਸਤ ਦੇ ਮਹਾਰਥੀ ਧਰਮ ਦੀਆਂ ਕਦਰਾਂ ਕੀਮਤਾਂ ਬਰਕਰਾਰ ਰਖਣ ਵਿਚ ਅਸਫਲ ਰਹੇ ਹਨ। ਉਹ ਸਤਾ ਦੀ ਪ੍ਰਾਪਤੀ ਲਈ ਆੜ ਤਾਂ ਧਰਮ ਦੀ ਲੈਂਦੇ ਹਨ, ਪਰ ਉਹਨਾਂ ਦੇ ਵਰਤੋਂ ਵਿਹਾਰ ਵਿਚ ਨਿਜ ਸੁਆਰਥ ਏਨਾ ਪ੍ਰਧਾਨ ਹੁੰਦਾ ਹੈ ਕਿ ਉਹ ਧਾਰਮਕ ਕਦਰਾਂ ਕੀਮਤਾਂ ਨੂੰ ਨਿਜੀ ਸਵਾਰਥਾਂ ਤੋਂ ਕੁਰਬਾਨ ਕਰਨੋਂ ਵੀ ਸੰਕੋਚ ਨਹੀਂ ਕਰਦੇ।

ਜਿਥੋਂ ਤਕ ਭਾਰਤ ਦੀ ਸਿਆਸਤ ਹੈ, ਇਸ ਨੂੰ ਕੁਟਲਤਾ ਦਾ ਅਖਾੜਾ ਸਮਝਿਆ ਜਾਂਦਾ ਹੈ ਤੇ ਅਫ਼ਸੋਸ ਦੀ ਗੱਲ ਹੈ ਕਿ ਸਿਖ ਸਿਆਸਤ ਕੁਟਲਤਾ ਦੇ ਦ੍ਰਿਸ਼ਟੀ-ਕੋਣ ਤੋਂ ਬਾਕੀ ਪਾਰਟੀਆਂ ਦੀ ਸਿਆਸਤ ਨਾਲੋਂ ਜੇ ਵਧੇਰੇ ਗੰਦੀ ਨਹੀਂ ਤਾਂ ਓਨੀ ਹੀ ਗੰਦੀ ਹੈ। ਸਿਖ ਸਿਆਸਤ ਵਿਚ ਕੁੰਡਾ ਧਰਮ ਦਾ ਨਹੀਂ, ਸਗੋਂ ਕੁੰਡਾ ਸਿਆਸਤ ਦਾ ਹੈ, ਅਤੇ ਉਹ ਵੀ ਕੁਟਲ ਸਿਆਸਤ ਦਾ।

ਹੁਣ ਸੋਚਣ ਵਾਲੀ ਇਹ ਗੱਲ ਹੈ ਕਿ ਕੁਟਲ ਸਿਆਸਤ ਨਾਲ ਧਰਮ ਦੀ ਸਾਂਝ ਕਰ ਕੇ ਕੌਮ ਦੀ ਭਲਾਈ ਅਤੇ ਬਿਹਤਰੀ ਦੀ ਆਸ ਕਿਵੇਂ ਕੀਤੀ ਜਾ ਸਕਦੀ ਹੈ। ਇਸ ਨਾਲ ਤਾਂ ਧਰਮ ਦਾ ਮੂੰਹ-ਮੁਹਾਂਦਰਾ ਵੀ ਵਿਗੜਦਾ ਜਾ ਰਿਹਾ ਹੈ।

ਅਕਾਲੀ ਦਲ ਸਿਖਾਂ ਦੀ ਪ੍ਰਤੀਨਿਧ ਜਮਾਤ ਮੰਨੀ ਜਾਂਦੀ ਹੈ। ਅਕਾਲੀ ਪਾਰਟੀ ਦੇ ਮੈਂਬਰਾਂ ਅਥਵਾ ਲੀਡਰਾਂ ਵਿਚ ਧਰਮ ਦੀ ਕਿੰਨੀ ਪ੍ਰਧਾਨਤਾ ਹੈ, ਇਸ ਬਾਰੇ ਚਰਚਾ ਕਰਨਾ ਇਸ ਲੇਖ ਦਾ ਵਿਸ਼ਾ ਨਹੀਂ। ਏਥੇ ਵਿਚਾਰਨ ਯੋਗ ਗੱਲ ਕੇਵਲ ਇਹ ਹੈ ਕਿ ਧਰਮ ਸਿਆਸਤ ਦੇ ਗੰਢ-ਚਿਤਰਾਵੇ ਵਿਚ ਪ੍ਰਧਾਨਤਾ ਧਰਮ ਦੀ ਹੈ ਜਾਂ ਨਹੀਂ।

ਇਸ ਵੇਲੇ ਅਕਾਲੀ ਪਾਰਟੀ ਨਿਜੀ ਸੁਆਰਥ ਦੇ ਅਧਾਰ ਤੇ ਫੁਟ ਨਾਲ ਖੇਰੂੰ ਖੇਰੂੰ ਹੋਈ ਪਈ ਹੈ। ਇਕ ਦੀ ਬਜਾਏ ਅਜ ਕਈ ਅਕਾਲੀ ਦਲ ਬਣੇ ਹੋਏ ਹਨ ਅਤੇ ਹਰੇਕ ਦਲ ਵਿਚ ਸੁਆਰਥ ਉਤੇ ਅਧਾਰਤ ਕਈ ਧੜੇ



www.AKJ.Org

# ਪਹਿਲਾਂ ਮਰਣੁ ਕਬੂਲਿ

[ਪ੍ਰੋਫੈਸਰ ਗੁਰਮੁਖ ਸਿੰਘ ਜੀ, ਗੌਰਮਿੰਟ ਕਾਲਜ, ਸੰਗਰੂਰ]

ਗੁਰਬਾਣੀ ਡਿੱਗੇ-ਢੱਠੇ ਮਨਾਂ ਨੂੰ ਸਹਾਰਾ ਦੇ ਕੇ ਬਲਵਾਨ ਕਰਦੀ ਹੈ। ਗੁਰਬਾਣੀ ਜੀਵਨ-ਜਾਚ ਸਿਖਾਂਦੀ ਹੈ। ਗੁਰਬਾਣੀ ਚਾਨਣ-ਮੁਨਾਰਾ ਹੈ ਅਤੇ ਰੱਬੀ ਰਸਤੇ ਦੇ ਪਾਂਧੀਆਂ ਨੂੰ ਸਹੀ ਰਾਹ ਤੇ ਤੋਰਦੀ ਹੈ। ਧੁਰੋਂ ਆਈ ਗੁਰਬਾਣੀ ਸ਼ਰਧਾ-ਭਾਵਨੀ ਸਹਿਤ ਸੁਣਨਹਾਰੇ, ਗਾਉਣਹਾਰੇ ਅਤੇ ਵੀਚਾਰਨਹਾਰੇ ਦੇ ਧੁਰ-ਅੰਦਰ ਪਰਵੇਸ਼ ਕਰਦੀ ਹੈ ਅਤੇ ਅਮੋੜ ਤੇ ਕਠੋਰ ਮਨ ਨੂੰ ਸਹਿਜੇ ਸਹਿਜੇ ਨਰੋਆ, ਸ਼ਕਤੀਸ਼ਾਲੀ ਤੇ ਰਸ-ਭਿੰਨਾ ਬਣਾ ਦਿੰਦੀ ਹੈ।

ਪ੍ਰੋਫੈਸਰ ਗੁਰਮੁਖ ਸਿੰਘ ਜੀ ਇਸ ਸੰਬੰਧ ਵਿਚ ਕੁਝ ਲੇਖ ਸੰਗਤਾਂ ਦੇ ਪੇਸ਼ ਕਰ ਰਹੇ ਹਨ ਕਿ ਸਤਿਗੁਰੂ ਜੀ ਨੇ ਕਿਵੇਂ ਗੁਰਬਾਣੀ ਦੁਆਰਾ 'ਸਿਖ ਮਾਨਸਿਕਤਾ' ਦਾ ਵਿਕਾਸ ਕੀਤਾ ਹੈ। ਇਸ ਲੜੀ ਦਾ ਮੁਢਲਾ ਲੇਖ ''ਪਹਿਲਾਂ ਮਰਣੁ ਕਬੂਲਿ'' ਹੇਠਾਂ ਦਿਤਾ ਜਾ ਰਿਹਾ ਹੈ। —ਸੰਪਾਦਕ

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥
ਹੋਹੁ ਸਭਨਾ ਕੀ ਰੇਣੁਕਾ, ਤਉ ਆਉ ਹਮਾਰੈ ਪਾਸਿ॥੧॥੨੩॥
(ਸਲੋਕ ਮ: ੫, ਮਾਰੂ ਡਖਣੇ ਕੀ ਵਾਰ, ਪੰਨਾ ੧੧੦੨)

ਮਰਨੇ ਤੋਂ ਹਰ ਕੋਈ ਡਰਦਾ ਹੈ ਅਤੇ ਸਦਾ ਜੀਂਦੇ ਰਹਿਣਾ ਲੋਚਦਾ ਹੈ ਅਤੇ ਹਰ ਕੋਈ ਚਾਹੁੰਦਾ ਹੈ ਕਿ ''ਮੈਂ ਨਾ ਮਰਾਂ, ਮੈਂ ਸਦਾ ਲਈ ਜੀਉਂਦਾ ਰਹਾਂ। ਦੁਨੀਆ ਭਾਵੇਂ ਸਾਰੀ ਮਰ ਮਿਟ ਜਾਏ ਪਰ ਮੈਂ ਨ ਮਰਾਂ।'' ਅਤੇ ਫਿਰ ਚਾਹੁੰਦਾ ਹੈ, ''ਜੇ ਮੇਰਾ ਸਰੀਰ ਖ਼ਤਮ ਭੀ ਹੋ ਜਾਵੇ ਤਾਂ ਭੀ ਮੇਰੀ ਹੋਂਦ ਮੇਰੀ ਮੈਂ, ਕਿਸੇ ਨ ਕਿਸੇ ਹੀਲੇ ਰਹਿੰਦੀ ਦੁਨੀਆ ਤਕ ਕਾਇਮ ਰਹੇ।'' ਇਸ ਚਾਹ ਨੂੰ ਪੂਰਾ ਕਰਨ ਲਈ ਉਹ ਕਈ ਪ੍ਰਕਾਰ ਦੀਆਂ ਯਾਦਗਾਰਾਂ ਕਾਇਮ ਕਰਦਾ ਹੈ, ਟ੍ਰਸਟ ਬਣਾਂਦਾ ਹੈ, ਕਾਲਜ, ਸਕੂਲ ਖੋਲ੍ਹਦਾ ਹੈ, ਮੰਦਰ ਗੁਰਦਵਾਰਿਆਂ ਵਿਚ ਆਪਣੇ ਨਾਮ ਦੇ ਪੱਥਰ ਲਗਵਾਉਂਦਾ ਹੈ ਤਾਂ ਕਿ ਉਹ ਸਰੀਰ ਕਰਕੇ ਜੇਕਰ ਨਾ ਭੀ ਹੋਵੇ, ਤਾਂ ਭੀ ਪੱਥਰਾਂ ਇੱਟਾਂ ਰੋੜਿਆਂ ਤੇ ਉਸਦਾ ਨਾਮ ਬੋਲਦਾ ਹੋਵੇ। ਲੋਕੀਂ ਉਸਨੂੰ ਚੰਗਾ ਆਖਣ, 'ਭਲਾ-ਪੁਰਖ' ਕਰਕੇ ਯਾਦ ਕੀਤਾ ਜਾਵੇ।'' ਅਗੋਂ ਉਸ ਵੱਡੇ ਦੁਨੀਆਦਾਰ ਦੇ ਪੁਤ ਪੋਤੇ ਭੀ ਆਪਣੇ ਵਡਿਆਂ ਦੀ ਯਾਦ ਮਨਾਉਂਦੇ ਹਨ, ਮੈਮੋਰੀਅਲ ਲੈਕਚਰ, ਅਤੇ ਸ਼ਰਧਾਂਜਲੀਆਂ ਰਾਹੀਂ ਉਸਦੀ ਸਾਲਾਨਾ ਯਾਦ ਮਨਾਈ ਜਾਂਦੀ ਹੈ। ਇਸ ਸਾਰੀ ਕਿਰਿਆ ਪਿਛੇ ਮਨੁਖ ਦੀ ਹਉਮੈ ਕੰਮ ਕਰ ਰਹੀ ਹੁੰਦੀ ਹੈ। ਪੁਤਰ, ਪੋਤੇ ਭੀ ਆਪਣੇ ਵਡਿਆਂ ਦੇ ਨਾਮ ਤੇ ਆਪਣੀ ਹਉਂ ਦੀ ਖ਼ੂਬ ਪਰਦਰਸ਼ਨੀ ਕਰਦੇ ਹਨ। ਮਰਨ ਵਾਲਾ ਭੀ ਹਉਮੈ ਦੇ ਪੱਠੇ ਛਕਦਾ ਰਿਹਾ, ਤੇ ਅਗੋਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਭੀ ਹਉਮੈ ਦੇ ਹਰੇ ਹਰੇ ਪੱਠੇ ਛਕਣ ਦੀ ਚੇਟਕ ਲਾ ਗਿਆ। ਇਉਂ ਮਨੁਖ ਮਾਤਰ ਦੀ ਹਉਮੈ ਦੇ

---

ਹਨ। ਹਰ ਅਕਾਲੀ ਦਲ ਦਾ ਅਤੇ ਇਹਨਾਂ ਦਲਾਂ ਵਿਚ ਹਰੇਕ ਧੜੇ ਦਾ ਆਪਣਾ ਰਾਹ ਹੈ। ਇਸ ਤਰ੍ਹਾਂ ਇਕ ਪਾਸੇ ਕੌਮ ਨਾਲ ਧ੍ਰੋਹ ਹੋ ਰਿਹਾ ਹੈ, ਦੂਜੇ ਪਾਸੇ ਦੁਨੀਆ ਦੇ ਸਾਹਮਣੇ ਸਿਖਾਂ ਦੀ ਹਾਸੋ-ਹੀਣੀ ਦਸ਼ਾ ਹੋ ਰਹੀ ਹੈ। ਕੌਮ ਨੂੰ ਇਸ ਆਪੋ ਧਾਪੀ ਕਾਰਨ ਅਗੇ ਏਨੀ ਕੁੱਟ ਪਈ ਹੈ ਅਤੇ ਹੋਰ ਪੈਣ ਦੇ ਆਸਾਰ ਬਣ ਰਹੇ ਹਨ, ਪਰ ਨਿਜ-ਸੁਆਰਥੀ ਆਗੂਆਂ ਦੇ ਕੰਨਾਂ ਤੇ ਜੂੰ ਨਹੀਂ ਸਰਕੀ।

ਕੀ ਧਰਮ ਦਾ ਕੁੰਡਾ ਹੈ ਇਹਨਾਂ ਦੇ ਸਿਰ ਤੇ? ਜੇ ਹੈ ਤਾਂ ਇਹਨਾਂ ਦੀਆਂ ਲਗਾਮਾਂ ਕਿਉਂ ਨਹੀਂ ਖਿਚੀਆਂ ਜਾਂਦੀਆਂ? ਧਾਰਮਕ ਅਧਿਕਾਰੀ ਕਦੋਂ ਤਕ ਇਹ ਤਮਾਸ਼ਾ ਬੇਬਸੀ ਦੀ ਹਾਲਤ ਵਿਚ ਵੇਖਦੇ ਰਹਿਣਗੇ? ਹੁਣ ਤੇ ਅਤਿ ਹੋ ਗਈ ਹੈ। ਜੇ ਇਹੀ ਹਾਲਤ ਰਹੀ ਤਾਂ ਅਗਲੀਆਂ ਨਸਲਾਂ ਧਰਮ ਤੋਂ ਮੁਨਕਰ ਹੋ ਜਾਣਗੀਆਂ।



www.AKJ.Org

ਪਸਾਰੇ ਵਿਚ ਜੀਉਣ ਦੀ ਇਹ ਸਿਕ ਬਣੀ ਰਹਿੰਦੀ ਹੈ। ਗੁਰਵਾਕ ਹੈ—

ਜਗਿ ਮਰਣੁ ਨ ਭਾਇਆ, ਨਿਤ ਆਪੁ ਲੁਕਾਇਆ, ਮਤ ਜਮੁ ਪਕਰੈ ਲੈ ਜਾਇ ਜੀਉ ॥੨॥

(ਆਸਾ ਮ: ੪–੪੪੭)

ਪਰ ਗੁਰਬਾਣੀ ਦਾ ਉਪਰੋਕਤ ਉਪਦੇਸ਼ ਮਨੁਖ ਨੂੰ ਜੀਉਣ ਦੀ ਉਪਰ ਦਸੀ ਚਾਹ ਤੋਂ ਉਲਟ ਹੈ। ਸਗੋਂ ਇਹ ਤਾਂ ਪ੍ਰਣ ਕਰਵਾਉਂਦੀ ਹੈ ਕਿ 'ਪਹਿਲਾ ਮਰਣੁ ਕਬੂਲਿ' ਕਰਨਾ ਪਏਗਾ, ਅਤੇ ਦੁਨੀਆਦਾਰਾਂ ਵਾਲਾ ਜੀਉਣਾ ਛਡਣਾ ਪਏਗਾ। ਹਰੇਕ ਪ੍ਰਾਣੀ ਮਾਤ੍ਰ ਨਿਮਰਤਾ ਧਾਰਨ ਕਰ ਕੇ ਹੀ ਗੁਰਮਤਿ ਮਾਰਗ ਦਾ ਸਹੀ ਪਾਂਧੀ ਬਣ ਸਕਦਾ ਹੈ, ਨਹੀਂ ਤਾਂ ਨਹੀਂ। ਸਿਖ ਨੇ ਸਤਿਗੁਰੂ ਨੂੰ ਆਪਣਾ ਤਨ ਮਨ ਧਨ, ਸਭ ਕੁਝ ਹੀ ਅਰਪਣ ਕਰਨਾ ਹੈ, ਜਿਹਾ ਕਿ—

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥੨੦॥

(ਸਲੋਕ ਮਹਲਾ ੧, ਪੰਨਾ ੧੪੧੨)

ਮਰਨਾ ਸੱਚ ਹੈ ਤੇ ਜੀਉਣਾ ਝੂਠ। ਮਾਇਆ ਵਿਚ ਖਚਿਤ ਹੋਣਾ ਅਸਲ ਨਿਸ਼ਾਨੇ ਤੋਂ ਉਕਣਾ ਹੈ। ਗੁਰਮਤਿ ਮਾਰਗ ਪ੍ਰੇਮਾ ਭਗਤੀ-ਮਾਰਗ ਹੈ। ਇਸ ਰਾਹ ਤੇ ਚਲਣ ਵਾਲੇ ਸਿਦਕੀ ਨੂੰ ਜਿਥੇ ਮਾਇਆ ਨਾਲੋਂ ਪਿਆਰ ਤੋੜਨ ਦੀ ਤਾਕੀਦ ਕੀਤੀ ਜਾਂਦੀ ਹੈ, ਉਥੇ ਉਸਨੂੰ ਸਿਰ ਹਥੇਲੀ ਤੇ ਰਖ ਕੇ ਪ੍ਰੇਮ ਦੀ ਖੇਲ ਖੇਲਣ ਦੀ ਪ੍ਰੇਰਨਾ ਮਿਲਦੀ ਹੈ। ਤੇ ਫਿਰ ਸਿਰ ਦੇਣ ਦਾ ਕੋਈ ਅਹਿਸਾਨ ਨਹੀਂ, ਸਗੋਂ "ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ, ਹੁਕਮਿ ਮੰਨਿਐ ਪਾਈਐ" ਦੀ ਮਰਯਾਦਾ ਹੈ।

ਸਤਿਗੁਰ ਕੀ ਓਹੁ ਦੀਖਿਆ ਲੇਇ ॥
ਸਤਿਗੁਰ ਆਗੈ ਸੀਸੁ ਧਰੇਇ ॥੩॥੧॥ (ਮਲਾਰ ਮ: ੩, ਪੰਨਾ ੧੨੬੧)

ਮਾਇਆ ਵਿਚ ਖਚਿਤ ਹੋ ਕੇ ਮਨਮੁਖੀ ਜੀਵਨ ਦਾ ਗੁਰਮਤਿ ਵਿਚ ਕੋਡੀ ਮੁੱਲ ਨਹੀਂ। ਗੁਰਮਤਿ ਕੇਵਲ ਉਸ ਅਵਸਥਾ ਨੂੰ ਜੀਉਣਾ ਮੰਨਦੀ ਹੈ ਜਿਸ ਜੀਉਣ ਵਿਚ ਦਮ-ਬ-ਦਮ ਪ੍ਰਭੂ ਦੀ ਸਿਫਤ ਸਲਾਹ ਹੁੰਦੀ ਰਹਿੰਦੀ ਹੋਵੇ, ਨਹੀਂ ਤਾਂ ਉਹ ਜੀਉਣਾ ਹੀ ਨਹੀਂ। ਯਥਾ ਗੁਰਵਾਕ :—

ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥ ਨਾਨਕ ਅਵਰੁ ਨ ਜੀਵੈ ਕੋਇ ॥
ਜੇ ਜੀਵੈ ਪਤਿ ਲਥੀ ਜਾਇ ॥ ਸਭੁ ਹਰਾਮੁ ਜੇਤਾ ਕਿਛੁ ਖਾਇ ॥੧॥੯॥

(ਮਾਝ ਕੀ ਵਾਰ, ਮ: ੧ ਸਲੋਕ, ਪੰਨਾ ੧੪੨)

ਸਤਿਗੁਰੂ ਜੀ ਤਾਂ ਸਪਸ਼ਟ ਸ਼ਬਦਾਂ ਵਿਚ ਕਹਿੰਦੇ ਹਨ ਕਿ ਜੋ ਨਾਮ ਨਹੀਂ ਜਪਦੇ, ਉਹ ਜੀਉਂਦੇ ਨਹੀਂ, ਸਗੋਂ ਮਰੇ ਹੀ ਸਮਝੋ। ਤੇ ਜੋ ਕੁਝ ਉਹ ਖਾਂਦੇ ਪਹਿਨਦੇ ਹਨ ਉਹ ਉਹਨਾਂ ਲਈ ਸਭ ਨਾਜਾਇਜ਼ ਹੈ, ਹਰਾਮ ਹੈ। ਉਹਨਾਂ ਦਾ ਹੱਕ ਨਹੀਂ ਬਣਦਾ। ਇਸ ਲਈ ਉਹਨਾਂ ਦੀ ਵਾਹਿਗੁਰੂ ਜੀ ਦੀ ਦਰਗਾਹੇ ਕੋਈ ਇੱਜ਼ਤ ਨਹੀਂ ਹੋ ਸਕਦੀ। ਸ੍ਰੀ ਗੁਰੂ ਰਾਮ ਦਾਸ ਜੀ ਭੀ ਇਹੋ ਫਰਮਾਉਂਦੇ ਹਨ :—

ਜੋ ਬਿਨੁ ਸਤਿਗੁਰ ਸੇਵੇ ਖਾਂਦੇ ਪੈਨਦੇ, ਸੇ ਮੁਏ, ਮਰਿ ਜੰਮੇ ਕੋੜ੍ਹੇ ॥੧੧॥

(ਗਉੜੀ ਕੀ ਵਾਰ ਮ: ੪, ਪੰਨਾ ੩੦੬)

ਅਤੇ ਗੁਰਮਤਿ ਅਨੁਸਾਰ ਜੀਉਂਦੇ ਕੇਵਲ ਉਹੀ ਹਨ ਜੋ ਸਤਿਗੁਰੂ ਜੀ ਦੇ ਬਖਸ਼ੇ ਨਾਮ ਵਿਚ ਸਦਾ ਮਗਨ ਰਹਿੰਦੇ ਹਨ।

ਮਰਨਾ ਦੋ ਪ੍ਰਕਾਰ ਦਾ ਹੈ। ਇਕ ਮਰਨਾ ਤਾਂ ਇਹ ਹੈ ਕਿ ਸਰੀਰ ਕਰਕੇ ਮੌਤ ਹੋ ਜਾਏ। ਉਸ ਲਈ ਸੰਸਾਰ ਖ਼ਤਮ ਹੋ ਜਾਂਦਾ ਹੈ। ਉਸ ਦਾ ਪਤਾ ਨਹੀਂ ਕਿ ਉਹ ਕਿਹੜੀਆਂ ਜੂਨਾਂ ਵਿਚ ਭਟਕੇ। ਗੁਰਦੇਵ ਪਾਤਸ਼ਾਹ



www.AKJ.Org

ਅਜਿਹੇ ਦੁਨੀਆਦਾਰ ਦੇ ਮਰਨ ਨੂੰ ਲੋਕ—ਮੁਹਾਵਰੇ ਦੀ ਵਰਤੋਂ ਕਰਦਿਆਂ ਵਿਅੰਗਮਈ ਢੰਗ ਨਾਲ ਇਉਂ ਕਹਿੰਦੇ ਹਨ—

ਵਡਾ ਹੋਆ ਦੁਨੀਦਾਰੁ, ਗਲਿ ਸੰਗਲੁ ਘਤਿ ਚਲਾਇਆ ॥
ਅਗੈ ਕਰਣੀ ਕੀਰਤਿ ਵਾਚੀਐ, ਬਹਿ ਲੇਖਾ ਕਰਿ ਸਮਝਾਇਆ ॥
ਥਾਉ ਨ ਹੋਵੀ ਪਉਦੀਈ, ਹੁਣਿ ਸੁਣੀਐ ਕਿਆ ਰੂਆਇਆ ॥
ਮਨਿ ਅੰਧੈ ਜਨਮੁ ਗਵਾਇਆ ॥੩॥ (ਆਸਾ ਦੀ ਵਾਰ, ਪੰਨਾ ੪੬੪)

ਭਾਵ, ਜਦੋਂ ਦੁਨੀਆਦਾਰ ਮਰਦਾ ਹੈ ਤਾਂ ਜਮ ਸੰਗਲ ਪਾ ਕੇ ਅਗੇ ਲਾ ਲੈਂਦੇ ਹਨ। ਧਰਮਰਾਜੇ ਪਾਸ ਕੀਤੇ ਕੰਮਾਂ ਦਾ ਹਿਸਾਬ ਉਸਨੂੰ ਸਮਝਾਇਆ ਜਾਂਦਾ ਹੈ। ਤੇ ਹਿਸਾਬ ਅਨੁਸਾਰ ਉਸਨੂੰ ਮਾਰ ਪੈਂਦੀ ਹੈ। ਉਥੇ ਮਾਰ ਪੈਂਦੀ ਤੋਂ ਲੁਕਣ ਨੂੰ ਕਿਤੇ ਥਾਉਂ ਨਹੀਂ ਮਿਲਦਾ। ਉਥੇ ਉਹ ਰੋਂਦਾ ਹੈ, ਪਰ ਉਸਦੀ ਕੂਕ ਪੁਕਾਰ ਹੁਣ ਕੌਣ ਸੁਣੇ। ਮਨ ਦੇ ਅੰਨ੍ਹੇ ਨੇ (ਨਾਮ ਨੂੰ ਵਿਸਾਰ ਕੇ) ਐਵੇਂ ਬਿਰਥਾ ਹੀ ਜਨਮ ਗਵਾ ਲਿਆ।

ਸੋ ਮਰਨ ਦਾ ਇਕ ਦ੍ਰਿਸ਼ ਤਾਂ ਉਪਰੋਕਤ ਹੈ।

ਦੂਜੀ ਕਿਸਮ ਦਾ ਮਰਨ "ਜੀਉਂਦਿਆਂ ਮਰਨਾ" ਹੈ, ਜੋ ਕੇਵਲ ਸਤਿਗੁਰੂ ਜੀ ਦੇ ਮਾਰਗ ਵਿਚ ਹੀ ਪ੍ਰਾਪਤ ਹੁੰਦਾ ਹੈ। ਹੋਰ ਕਿਤੇ ਦਿਸਦਾ ਹੀ ਨਹੀਂ ਕਿ ਬੰਦਾ ਜੀਉਂਦਾ ਹੀ ਮਰਿਆ ਹੋਇਆ ਹੋਵੇ। ਭਾਈ ਗੁਰਦਾਸ ਜੀ ਐਸੇ ਮਰਨ ਵਲ ਸੰਕੇਤ ਕਰਦੇ ਹਨ :—

ਮੁਰਦਾ ਹੋਇ ਮੁਰੀਦ, ਸੋ ਗੁਰ ਗੋਰਿ ਸਮਾਵੈ ॥
ਸ਼ਬਦ ਸੁਰਤਿ ਲਿਵਲੀਣੁ ਹੋਇ ਓਹੁ ਆਪੁ ਗਵਾਵੈ ॥ (ਵਾਰ ੯-੨੨)

ਐਸਾ ਗੁਰਸਿਖ ਸ਼ਬਦ ਵਿਚ ਸੁਰਤ ਨੂੰ ਲੀਨ ਕਰ ਕੇ ਆਪਾ ਭਾਵ ਗਵਾ ਦਿੰਦਾ ਹੈ। ਇਸੇ ਪਉੜੀ ਵਿਚ ਭਾਈ ਗੁਰਦਾਸ ਜੀ ਅਗੇ ਚਲ ਕੇ ਮਨ ਨੂੰ ਘਾਹ (ਦਭ) ਵਾਂਗ ਹੇਠਾਂ ਵਿਛਾਉਣ ਦਾ ਬਿੰਬ ਲੈ ਕੇ ਨਿਮਰਤਾ ਵਿਚ ਰਹਿਣ ਦੀ ਪ੍ਰੇਰਨਾ ਦਿੰਦੇ ਹਨ—

ਲਤਾਂ ਹੇਠਿ ਲਤਾੜੀਐ, ਗੁਰ ਸਬਦ ਕਮਾਵੈ ॥

ਭਾਵ ਇਹ ਕਿ ਗੁਰਸਿਖ ਨੇ ਸ਼ਬਦ (ਵਾਹਿਗੁਰੂ ਨਾਮ) ਦੀ ਕਮਾਈ ਕਰਨ ਦੇ ਨਾਲ ਨਾਲ ਸਦਾ ਨਿਮਰਤਾ, ਦੂਜਿਆਂ ਪ੍ਰਤੀ ਪ੍ਰੇਮ, ਸਤਿਕਾਰ ਦੀ ਭਾਵਨਾ ਮਨ ਵਿਚ ਧਾਰਨ ਕਰਨੀ ਹੈ, ਕਿਸੇ ਕਿਸਮ ਦਾ ਹੰਕਾਰ ਨਹੀਂ ਕਰਨਾ। ਜਿਸ ਮਨ ਵਿਚੋਂ ਹੰਕਾਰ ਮਰ ਜਾਂਦਾ ਹੈ, ਉਹ ਮਨ ਨਿਰਮਲ ਹੋ ਕੇ ਗੁਰ ਚਰਨਾਂ ਨਾਲ ਲਗਣ ਜੋਗ ਹੋ ਜਾਂਦਾ ਹੈ।

ਭਾਰਤੀ ਧਰਮ-ਚਿੰਤਕਾਂ ਨੇ ਹਉਮੈ ਵਿਚ ਆਫਰੇ ਤੇ ਆਕੜੇ ਮਨ ਨੂੰ ਮਾਰਨ ਲਈ ਜੋਗ-ਸਾਧਨਾ, ਕਰੜੀ ਤਪੱਸਿਆ, ਤਨ ਨੂੰ ਤਸੀਹੇ ਦੇਣੇ ਅਤੇ ਅਨਿਕ ਪ੍ਰਕਾਰੀ ਕਰਮ-ਕਾਂਡਾਂ ਦੇ ਸਾਧਨ ਦਰਸਾਏ ਤੇ ਕੀਤੇ। ਅਤੇ ਉਹਨਾਂ ਪਾਸ ਹੁਣ ਭੀ ਓਹੀ ਪੁਰਾਣੇ ਤਰੀਕੇ ਹਨ। ਤਪੱਸਿਆ ਅਤੇ ਜੋਗ-ਸਾਧਨਾ ਨਾਲ ਮਨ ਮਰਦਾ ਨਹੀਂ। ਤਪ ਦੀ ਤਪਸ਼ ਨਾਲ ਉਹ ਹੋਰ ਵਧੇਰੇ ਲਹਿਰਾਂ ਵਿਚ ਆਉਂਦਾ ਹੈ, ਵਰ ਸਰਾਪ ਦੇਣ ਦੇ ਚਕਰਾਂ ਵਿਚ ਫਸ ਜਾਂਦਾ ਹੈ। ਉਸ ਦੀ ਜੋਤਿ ਸਰੂਪ ਤੋਂ ਵਖ ਹਸਤੀ ਦੀ ਧਾਰਨਾ ਮਿਟਦੀ ਨਹੀਂ। 'ਅੰਦਰੁ ਖਾਲੀ ਪ੍ਰੇਮ ਬਿਨੁ' ਹੁੰਦਾ ਹੈ। ਅਜਿਹੇ ਮਾਇਆ-ਗ੍ਰਸੇ ਮਨ ਦਾ ਨਕਸ਼ਾ ਖਿਚਿਆ ਹੈ ਸ੍ਰੀ ਗੁਰੂ ਅਮਰ ਦਾਸ ਜੀ ਨੇ ਸਾਰੰਗ ਕੀ ਵਾਰ ਮ: ੪ ਵਿਚ :—

ਜਿਚਰੁ ਇਹੁ ਮਨੁ ਲਹਰੀ ਵਿਚਿ ਹੈ, ਹਉਮੈ ਬਹੁਤੁ ਅਹੰਕਾਰੁ ॥
ਸਬਦੈ ਸਾਦੁ ਨ ਆਵਈ, ਨਾਮਿ ਨ ਲਗੈ ਪਿਆਰੁ ॥
ਸੇਵਾ ਥਾਇ ਨ ਪਵਈ ਤਿਸ ਕੀ, ਖਪਿ ਖਪਿ ਹੋਇ ਖੁਆਰੁ ॥੧॥੨੭॥ (ਪੰਨਾ ੧੨੪੭)

ਸਤਿਗੁਰੂ ਜੀ ਅਗਲੀਆਂ ਦੋ ਪੰਗਤੀਆਂ ਵਿਚ ਲਹਰੀ ਮਨ ਨੂੰ ਕਾਬੂ ਕਰਨ ਦਾ ਤਰੀਕਾ ਦਸਦੇ ਹਨ :—



www.AKJ.Org

ਨਾਨਕ ਸੇਵਕੁ ਸੋਈ ਆਖੀਐ ਜੋ ਸਿਰੁ ਧਰੇ ਉਤਾਰਿ ॥
ਸਤਿਗੁਰ ਕਾ ਭਾਣਾ ਮੰਨਿ ਲਏ, ਸਬਦੁ ਰਖੈ ਉਰਧਾਰਿ ॥੧॥੨੭॥ (ਪੰਨਾ ੧੨੪੭)

ਸਿਰ ਧਰਿ ਉਤਾਰਨਾ ਗੁਰਬਾਣੀ ਦਾ ਆਪਣਾ ਮੁਹਾਵਰਾ ਹੈ, ਜਿਸਦਾ ਭਾਵ ਹੈ ਪੂਰਨ ਤੌਰ ਤੇ ਸਤਿਗੁਰੂ ਅਗੇ ਆਪਣਾ ਆਪ ਤੇ ਆਪਾ ਭੇਟ ਕਰ ਦੇਣਾ, ਤਨ ਤੇ ਮਨ ਦੋਵੇਂ ਗੁਰੂ ਦੀ ਮਤਿ, ਗੁਰੂ ਦੇ ਹੁਕਮਾਂ ਦੇ ਅਧੀਨ ਰਖਣਾ ਹੈ। ਆਪਣੀ ਚਤਰਾਈ, ਆਪਣੀ ਮਤਿ, ਆਪਣੀ ਅਕਲ ਜਾਂ ਆਪਣੇ ਪ੍ਰਾਪਤ ਕੀਤੇ ਸੰਸਾਰਕ ਗਿਆਨ ਅਤੇ ਪਦਵੀਆਂ ਦਾ ਮਾਣ ਹੰਕਾਰ ਤਿਆਗ ਕੇ ਗੁਰੂ ਪਾਤਸ਼ਾਹ ਅਗੇ ਸੀਸ ਨਿਵਾ ਦੇਣਾ ਹੀ 'ਸਿਰ ਧਰਿ ਉਤਾਰਨਾ' ਹੈ।

ਸ੍ਰੀ ਗੁਰੂ ਅਮਰਦਾਸ ਜੀ ਆਸਾ ਰਾਗ ਵਿਚ ਭੀ ਮਨ ਵਸੀਕਰਨ ਦੀ ਵਿਧੀ ਸਮਝਾਉਂਦੇ ਹੋਏ ਫੁਰਮਾਉਂਦੇ ਹਨ :—

ਮਨ ਤੂੰ ਮਤ ਮਾਣੁ ਕਰਹਿ ਜਿ ਹਉ ਕਿਛੁ ਜਾਣਦਾ, ਗੁਰਮੁਖਿ ਨਿਮਾਣਾ ਹੋਹੁ ॥
ਅੰਤਰਿ ਅਗਿਆਨੁ ਹਉ ਬੁਧਿ ਹੈ, ਸਚਿ ਸਬਦਿ ਮਲੁ ਖੋਹੁ ॥
ਹੋਹੁ ਨਿਮਾਣਾ ਸਤਿਗੁਰੂ ਅਗੈ, ਮਤ ਕਿਛੁ ਆਪੁ ਲਖਾਵਹੇ ॥
ਆਪਣੈ ਅਹੰਕਾਰਿ ਜਗਤੁ ਜਲਿਆ, ਮਤ ਤੂੰ ਆਪਣਾ ਆਪੁ ਗਵਾਵਹੇ ॥
ਸਤਿਗੁਰ ਕੈ ਭਾਣੈ ਕਰਹਿ ਕਾਰ, ਸਤਿਗੁਰ ਕੈ ਭਾਣੈ ਲਾਗਿ ਰਹੁ ॥
ਇਉ ਕਹੈ ਨਾਨਕੁ, ਆਪੁ ਛਡਿ ਸੁਖ ਪਾਵਹਿ, ਮਨ ਨਿਮਾਣਾ ਹੋਇ ਰਹੁ ॥੭॥
(ਆਸਾ ਮ: ੩, ਛੰਤ ਘਰੁ ੩, ਪੰਨਾ ੪੪੧)

ਸਤਿਗੁਰੂ ਜੀ ਦੇ ਭਾਣੇ ਅੰਦਰ ਕਾਰ ਕਮਾਉਣੀ ਅਤੇ ਗੁਰੂ ਪਾਤਸ਼ਾਹ ਦੇ ਬਖਸ਼ੇ ਸ਼ਬਦ ਦੀ ਨਿਤਾਪ੍ਰਤੀ ਅਭਿਆਸ ਕਮਾਈ ਦੁਆਰਾ ਹੀ ਮਨ ਦੀ ਮੈਲ ਉਤਰਦੀ ਹੈ। ਕੇਵਲ ਇਹੋ ਇਕੋ ਇਕ ਤਰੀਕਾ ਹੈ ਮਨ ਵਰਗੇ ਹਾਂਬਲੀ ਸੁਲਤਾਨ ਨੂੰ ਮਾਰਨ ਦਾ। ਇਉਂ ਜੀਉਂਦੇ-ਜੀ, ਮਨ ਨੂੰ ਗੁਰੂ ਪਾਤਸ਼ਾਹ ਦੇ ਅਧੀਨ ਰਖ ਕੇ ਜੀਉਣ ਗੁਰਬਾਣੀ ਅੰਦਰ ਜੀਵਣ-ਮੁਕਤ ਭੀ ਆਖਿਆ ਹੈ—

ਗੁਰ ਪਰਸਾਦੀ ਜੀਵਤੁ ਮਰੈ, ਉਲਟੀ ਹੋਵੈ ਮਤਿ ਬਦਲਾਹੁ ॥
ਨਾਨਕ ਮੈਲੁ ਨ ਲਗਈ, ਨਾ ਫਿਰਿ ਜੋਨੀ ਪਾਹੁ ॥੧॥੨੨॥
(ਸਲੋਕ ਮ: ੩, ਸੋਰਠ ਕੀ ਵਾਰ, ਪੰਨਾ ੬੫੧)

ਭਾਵ, ਗੁਰ-ਕਿਰਪਾ ਰਾਹੀਂ ਮਨੁਖ ਜੀਉਂਦਿਆਂ ਹੀ ਮਰ ਜਾਂਦਾ ਹੈ, ਉਸ ਦੇ ਅੰਦਰੋਂ ਹਉਮੈ ਅਹੰਕਾਰ ਨਾਸ ਹੋ ਜਾਂਦਾ ਹੈ, ਉਸਦੀ ਸੰਸਾਰਕ ਬਿਰਤੀ ਉਲਟ ਜਾਂਦੀ ਹੈ। ਉਸ ਨੂੰ ਨਾ ਫਿਰ ਕਦੇ ਮੈਲ ਲਗਦੀ ਹੈ ਤੇ ਨਾ ਹੀ ਮੁੜ ਕੇ ਜਨਮ ਮਰਨ ਦਾ ਗੇੜ ਪੈਂਦਾ ਹੈ।

ਮਨ ਨੂੰ ਮਾਰਨ ਦਾ ਸੰਕਲਪ ਬੜਾ ਪੁਰਾਣਾ ਹੈ, ਕਈ ਤਪੱਸਵੀਆਂ ਤੇ ਸੰਨਿਆਸੀਆਂ ਦੀਆਂ ਮਨ ਮਾਰਨ ਲਈ ਸਰੀਰਕ ਕਿਰਿਆਵਾਂ ਦਾ ਵੇਰਵਾ ਸੁਣ ਸੁਣ ਕੇ ਹੈਰਾਨ ਹੋਈਦਾ ਹੈ। ਕੰਡਿਆਂ ਦੀ ਸੇਜ ਤੇ ਲੇਟਣਾ, ਗਰਮੀ ਰੁਤੇ ਅੱਗ ਸੇਕਣੀ, ਸਰਦ ਰੁਤ ਵਿਚ ਬਰਫ਼ ਵਿਚ ਬੈਠਣਾ, ਭੁਖੇ ਰਹਿਣਾ, ਜਾਂ ਇਸਦੇ ਉਲਟ ਬਹੁਤ ਜ਼ਿਆਦਾ ਖਾਣਾ ਤੇ ਜਾਣ ਕੇ ਉਲਟੀ ਕਰ ਦੇਣੀ, ਫਿਰ ਹੋਰ ਦਬ ਕੇ ਖਾਣਾ ਤੇ ਫਿਰ ਉਲਟੀ ਕਰ ਦੇਣੀ। ਫਿਰ ਉਤੇ ਚਪੇੜਾਂ ਮਾਰ ਕੇ ਮਨ ਨੂੰ ਮਾਰਨਾ। ਇਹ ਸਭ ਅਸਥੂਲ ਸਾਧਨ ਹਨ, ਜੋ ਹੁਣ ਤਕ ਵਰਤੀਂਦੇ ਆਏ ਹਨ। ਕਬੀਰ ਜੀ ਨੇ ਬੜੇ ਸੋਹਣੇ ਅੰਦਾਜ਼ ਵਿਚ ਇਸ ਸਮੱਸਿਆ ਤੇ ਆਪਣੇ ਵਿਚਾਰ ਦਿਤੇ ਹਨ ਕਿ ਪ੍ਰਭੂ ਨੂੰ ਮਿਲਣ ਲਈ ਜੋ ਰਸਤਾ ਹੈ ਉਹ ਬੜਾ ਹੀ ਸੂਖਮ ਹੈ, ਰਾਈ ਦੇ ਦਸਵੇਂ ਭਾਗ ਜਿੰਨਾ, ਪਰ ਮਨ ਦਾ ਆਕਾਰ ਹੰਕਾਰ ਨਾਲ ਹਾਥੀ ਵਰਗਾ ਹੋਇਆ ਹੋਇਆ ਹੈ। ਇਸ ਨਿਕੇ ਜਿਹੇ ਰਾਹ ਥਾਣੀਂ ਫਿਰ ਕਿਵੇਂ ਲੰਘਿਆ ਜਾਏ ? ਆਪ



www.AKJ.Org

ਇਲਾਜ ਭੀ ਦਸਦੇ ਹਨ ਕਿ ਜੇ ਪੂਰਾ ਸਤਿਗੁਰੂ ਮਨੁਖ ਤੇ ਆਪਣੀ ਕਿਰਪਾ ਕਰ ਦੇਵੇ ਤਾਂ ਇਹ ਦਰਵਾਜ਼ਾ ਮੋਕਲਾ ਹੋ ਜਾਂਦਾ ਹੈ ਤੇ ਮਨ ਸੁੰਗੜ ਕੇ ਇਸ ਵਿਚ ਦੀ ਸਹਜੇ ਹੀ ਪਾਰ ਪੈਂਦਾ ਹੈ :—

ਕਬੀਰ ਮੁਕਤਿ ਦੁਆਰਾ ਸੰਕੁਰਾ, ਰਾਈ ਦਸਏਂ ਭਾਇ ॥
ਮਨੁ ਤਉ ਮੈਗਲੁ ਹੋਇ ਰਹਿਓ ਨਿਕਸੋ ਕਿਉ ਕੈ ਜਾਇ ॥੫੮॥
ਕਬੀਰ ਐਸਾ ਸਤਿਗੁਰੁ ਜੇ ਮਿਲੈ ਤੁਠਾ ਕਰੇ ਪਸਾਉ ॥
ਮੁਕਤਿ ਦੁਆਰਾ ਮੋਕਲਾ, ਸਹਜੇ ਆਵਉ ਜਾਉ ॥੫੯॥ (ਪੰਨਾ ੧੩੬੭)

ਭਾਰਤੀ ਧਰਮ-ਚਿੰਤਕ ਭੁਲੇਖੇ ਵਿਚ ਫਸੇ ਹੋਏ ਹਨ, ਕਿਉਂਕਿ ਸਰੀਰਕ ਅੰਗਾਂ ਅਥਵਾ ਇੰਦਰਿਆਂ ਦੀ ਮਨ ਤਕ ਪਹੁੰਚ ਨਹੀਂ। ਜੇਕਰ ਸਮਾਧੀਆਂ ਲਗਾ ਕੇ ਸਰੀਰ ਦੇ ਅੰਗਾਂ ਦੀ ਕਿਰਿਆ ਰੋਕ ਭੀ ਲਈ ਜਾਵੇ ਤਾਂ ਉਸ ਨਾਲ ਮਨ ਤਾਂ ਨਹੀਂ ਮਰਦਾ। ਸਰੀਰਕ ਕਸਰਤਾਂ ਨਾਲ ਤਾਂ ਸਰੀਰ ਦੇ ਅੰਗਾਂ ਤੇ (ਕੰਟਰੋਲ) ਕਾਬੂ ਪਾ ਲੈਣ ਦੀ ਗੱਲ ਤਾਂ ਸਮਝ ਆਉਂਦੀ ਹੈ, ਪਰ ਸਰੀਰ ਕਰਕੇ ਜੋਗ-ਆਸਣਾਂ ਨਾਲ ਮਨ ਵਸ ਵਿਚ ਆਉਂਦਾ ਹੋਵੇ, ਇਹ ਗੱਲ ਮੰਨਣ ਜੋਗ ਨਹੀਂ। ਐਸਾ ਕੋਈ ਮੁਨੀ ਨਹੀਂ ਦੇਖਣ ਵਿਚ ਆਇਆ ਜਿਸ ਨੇ ਮਨ ਨੂੰ ਇਸ ਤਰ੍ਹਾਂ ਮਾਰਿਆ ਹੋਵੇ।

ਸ੍ਰੀ ਗੁਰੂ ਅਮਰ ਦਾਸ ਜੀ ਰਾਗ ਭੈਰਉ ਵਿਚ ਗੱਲ ਨੂੰ ਹੋਰ ਸਪਸ਼ਟ ਕਰਦੇ ਹਨ ਕਿ ਮਨ ਹੈ ਕੀ ? ਮਨ ਦੇ ਮਾਰਨ ਤੋਂ ਪਹਿਲਾਂ ਤਾਂ ਇਹ ਸਮਝਣਾ ਜ਼ਰੂਰੀ ਹੈ ਕਿ ਆਖ਼ਰ ਮਨ ਹੈ ਕੀ ? ਵੇਦਾਂ ਸ਼ਾਸਤਰਾਂ ਨੇ ਮਨ ਪ੍ਰਤੀ ਬੜੇ ਝੰਬੇਲੇ ਪਾਏ ਹੋਏ ਹਨ। ਮਨ ਹੋਰ ਹੈ, ਆਤਮਾ ਹੋਰ ਹੈ, ਸਾਂਖ ਸ਼ਾਸਤਰ ਨੇ ਤਾਂ ਸਰੀਰ ਦੇ ਪੰਜੀ ਤੱਤਾ ਵਿਚੋਂ ਇਕ ਤੱਤ ਮਨ ਨੂੰ ਭੀ ਮੰਨਿਆ ਹੈ। ਪਰ ਗੁਰਦੇਵ ਜੀ ਗੱਲ ਸਾਫ ਕਰਦੇ ਹਨ ਕਿ ਮਨ ਤਾਂ ਜੋਤਿ ਸਰੂਪ ਹੈ, ਅਤੇ ਇਹ ਆਪਣੇ ਜੋਤਿ ਸਰੂਪ ਨੂੰ ਭੁਲ ਕੇ ਮਾਇਆ ਮਮਤਾ ਵਿਚ ਪ੍ਰਭੂ ਦੇ ਹੁਕਮ ਨਾਲ ਭਰਮ ਭੁਲੇਖੇ ਵਿਚ ਪੈ ਗਿਆ ਹੈ, ਕਿਉਂਕਿ ਸ੍ਰਿਸ਼ਟੀ ਦੀ ਰਚਨਾ ਦੀ ਖੇਡ ਜੁ ਖੇਡੀ ਜਾਣੀ ਹੈ। ਵਰਨਾ ਮਨ ਦਾ ਅਸਲ ਸੁਭਾਉ ਬੈਰਾਗੀ ਹੈ, ਤੇ ਉਹੀ ਜੋਤਿ ਜੋ ਮਨ ਵਿਚ ਹੈ, ਹੋਰ ਸਾਰਿਆਂ ਵਿਚ ਪਸਰ ਰਹੀ ਹੈ। ਜੋ ਇਸ ਭੇਦ ਨੂੰ ਸਮਝ ਲੈਂਦਾ ਹੈ ਉਹ ਜੋਤਿ ਸਰੂਪ ਵਿਚ ਮਿਲ ਜਾਂਦਾ ਹੈ—

ਮੂਲੁ ਮੋਹੁ ਕਰਿ, ਕਰਤੈ ਜਗਤੁ ਉਪਾਇਆ ॥ ਮਮਤਾ ਲਾਇ ਭਰਮਿ ਭੋੁਲਾਇਆ ॥੨॥
ਇਸੁ ਮਨ ਤੇ ਸਭ ਪਿੰਡ ਪਰਾਣਾ ॥ ਮਨ ਕੈ ਵੀਚਾਰਿ, ਹੁਕਮੁ ਬੁਝਿ ਸਮਾਣਾ ॥੩॥
ਕਰਮੁ ਹੋਵੈ ਗੁਰੁ ਕਿਰਪਾ ਕਰੈ ॥ ਇਹੁ ਮਨੁ ਜਾਗੈ, ਇਸੁ ਮਨ ਕੀ ਦੁਬਿਧਾ ਮਰੈ ॥੪॥
ਮਨ ਕਾ ਸੁਭਾਉ ਸਦਾ ਬੈਰਾਗੀ ॥ ਸਭ ਮਹਿ ਵਸੈ ਅਤੀਤੁ ਅਨਰਾਗੀ ॥੫॥
ਕਹਤੁ ਨਾਨਕੁ ਜੋ ਜਾਣੈ ਭੇਉ ॥ ਆਦਿ ਪੁਰਖੁ ਨਿਰੰਜਨ ਦੇਉ ॥੬॥੫॥
(ਭੈਰਉ ਮ: ੩. ਪੰਨਾ ੧੧੨੮)

ਸਿਰੀ ਰਾਗ ਵਿਚ ਪਾਤਸ਼ਾਹ ਇਕ ਹੋਰ ਥਾਂ ਖੁਲ੍ਹ ਕੇ ਮਨ ਮਾਰਨ ਦੀ ਗੱਲ ਸਮਝਾਉਂਦੇ ਹਨ :—

ਲਿਵ ਧਾਤੁ ਦੁਇ ਰਾਹ ਹੈ, ਹੁਕਮੀ ਕਾਰ ਕਮਾਇ ॥
ਗੁਰਮੁਖਿ ਆਪਣਾ ਮਨੁ ਮਾਰਿਆ, ਸਬਦਿ ਕਸਵਟੀ ਲਾਇ ॥
ਮਨ ਹੀ ਨਾਲਿ ਝਗੜਾ, ਮਨ ਹੀ ਨਾਲਿ ਸਥ, ਮਨ ਹੀ ਮੰਝਿ ਸਮਾਇ ॥
ਮਨੁ ਜੋ ਇਛੇ ਸੋ ਲਹੈ, ਸਚੈ ਸਬਦਿ ਸੁਭਾਇ ॥......
ਵਿਣੁ ਮਨੈ ਜਿ ਹੋਰੀ ਨਾਲਿ ਲੁਝਣਾ, ਜਾਸੀ ਜਨਮੁ ਗਵਾਇ ॥
ਮਨਮੁਖੀ ਮਨ ਹਠਿ ਹਾਰਿਆ, ਕੂੜੁ ਕੁਸਤੁ ਕਮਾਇ ॥
ਗੁਰ ਪਰਸਾਦੀ ਮਨੁ ਜਿਣੈ, ਹਰਿ ਸੇਤੀ ਲਿਵ ਲਾਇ ॥
ਨਾਨਕ ਗੁਰਮੁਖਿ ਸਚੁ ਕਮਾਵੈ, ਮਨਮੁਖਿ ਆਵੈ ਜਾਇ ॥੨॥੧੨॥
(ਮ: ੩, ਸਿਰੀ ਰਾਗ ਕੀ ਵਾਰ, ਪੰਨਾ ੮੭)



www.AKJ.Org

ਸੋ ਲੜਾਈ ਮਨ ਨੇ ਮਨ ਨਾਲ ਕਰਨੀ ਹੈ, ਅਤੇ ਸੁਲਾਹ ਸਫਾਈ ਭੀ ਮਨ ਨਾਲ ਹੀ ਕਰਨੀ ਹੈ। ਪ੍ਰਭੂ ਦੀ ਲਿਵ, ਅਤੇ ਮਾਇਆ ਦਾ ਪਿਆਰ ਦੋ ਹੀ ਰਾਹ ਹਨ, ਜਿਸ ਉਪਰ ਮਨ ਨੇ ਅਕਾਲ ਪੁਰਖ ਦੇ ਹੁਕਮ ਅਨੁਸਾਰ ਤੁਰਨਾ ਹੈ। ਗੁਰਮੁਖ ਮਨ ਨੂੰ ਸ਼ਬਦ ਦੀ ਘਾਸ ਨਾਲ ਮਾਰ ਲੈਂਦਾ ਹੈ, ਪਰ ਮਨਮੁਖ ਪਾਸ ਸ਼ਬਦ ਦੀ ਘਾਲ ਕਮਾਈ ਨਹੀਂ ਹੁੰਦੀ, ਇਸ ਕਰਕੇ ਉਹ ਮਨ ਹਠਿ ਕਾਰਨ ਜਨਮ ਗੁਆ ਲੈਂਦਾ ਹੈ।

ਇਉਂ ਗੁਰਬਾਣੀ ਸਿਖ ਨੂੰ ਜੀਉਂਦਿਆਂ ਮਰਨ ਲਈ ਤਿਆਰ ਕਰਦੀ ਹੈ। ਮਨ ਮਾਇਆ ਦੀ ਪ੍ਰੀਤ ਤੋਂ ਐਸਾ ਉਲਟਦਾ ਹੈ ਕਿ ਸੰਸਾਰ ਫਿਕਾ ਫਿਕਾ ਅਤੇ ਫੋਕਾ ਫੋਕਾ ਲਗਣ ਲਗ ਪੈਂਦਾ ਹੈ। ਫ਼ਰਕ ਇਤਨਾ ਹੈ, ਗੁਰੂ ਕੇ ਸਿਖ ਦੇ ਅੰਤਹਕਰਣ ਵਿਚ ਇਹ ਜਗ ਫਿੱਕਾ ਤੇ ਫੋਕਾ ਹੋ ਨਿਬੜਦਾ ਹੈ, ਕੇਵਲ ਸਚਾ ਨਾਮ ਹੀ ਮਿੱਠਾ ਲਗਦਾ ਹੈ, ਪਰ ਦੂਜੇ ਪਾਸੇ, ਪਦਾਰਥਵਾਦੀ ਨੂੰ ਇਹ ਜਗ ਮਿੱਠਾ ਲਗਦਾ ਹੈ, ਇਸੇ ਕਰਕੇ ਉਹ ਇਸ ਨਾਲ ਮੋਹ ਕਰਦਾ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਭਟਕਦੇ ਤੇ ਦੂਜੇ ਪਾਸੇ ਮਰ ਚੁਕੇ ਮਨ ਦੇ ਵਿਵਹਾਰ ਦਾ ਫ਼ਰਕ ਇਉਂ ਦਰਸਾਂਦੇ ਹਨ :—

ਜਿਨੀ ਚਲਣੁ ਜਾਣਿਆ ਸੇ ਕਿਉ ਕਰਹਿ ਵਿਥਾਰ ॥
ਚਲਣ ਸਾਰ ਨ ਜਾਣਨੀ ਕਾਜ ਸਵਾਰਣਹਾਰ ॥੧॥੭॥
(ਸੂਹੀ ਕੀ ਵਾਰ, ਸਲੋਕ ਮ: ੨, ਪੰਨਾ ੭੮੭)

ਭਾਵ, ਜਿਨ੍ਹਾਂ ਨੂੰ ਸੰਸਾਰ ਤੋਂ ਚਲੇ ਜਾਣ ਦਾ ਸਹੀ ਗਿਆਨ ਦ੍ਰਿੜ੍ਹ ਹੋ ਜਾਂਦਾ ਹੈ, ਉਹ ਅਡੰਬਰਾਂ ਵਿਚ ਨਹੀਂ ਪੈਂਦੇ, ਪਰ ਜਿਨ੍ਹਾਂ ਨੂੰ ਸੰਸਾਰ ਮਿੱਠਾ ਲਗਦਾ ਹੈ ਉਹ ਆਪਣੇ ਕੰਮਾਂ ਧੰਧਿਆਂ ਨੂੰ ਸੁਆਰਦੇ ਤੇ ਵਿਸਥਾਰਦੇ ਰਹਿੰਦੇ ਹਨ।

## 'ਮਰਣੁ ਕਬੂਲਿ' ਦਾ ਦੂਜਾ ਪੱਖ—

ਮਨ ਮਾਰਨਾ, ਹਉਮੈ ਨੂੰ ਸ਼ਬਦ ਰਾਹੀਂ ਮਾਰ ਲੈਣਾ ਹਰ ਸਿਖ ਲਈ ਅੰਤਮ ਪੜਾਅ ਹੈ। ਪਰ ਜੇ ਧਰਮ ਨੂੰ, ਪੰਥ ਨੂੰ, ਕਿਸੇ ਮਹਾਨ ਕਾਰਜ ਲਈ ਸਿਖ ਦੇ ਸਰੀਰ ਦੀ ਲੋੜ ਪੈ ਜਾਏ ਤਾਂ ਸ਼ਹੀਦੀ ਪਾਉਣ ਦੀ ਮਰਯਾਦਾ, ਗੁਰੂ ਘਰ ਵਿਚ ਸ਼ੁਰੂ ਤੋਂ ਹੀ ਸਤਿਗੁਰਾਂ ਨੇ ਆਪ ਪਰਚਲਤ ਕੀਤੀ ਹੈ। ਸਿਖ ਨੂੰ ਗੁਰਬਾਣੀ ਨੇ ਸਰੀਰ ਦੀ ਅਤੇ ਸੰਸਾਰ ਦੀ ਹਰ ਸ਼ੈ ਦੀ ਨਾਸ਼ਮਾਨਤਾ ਬਾਰੇ ਚੰਗੀ ਤਰ੍ਹਾਂ ਦ੍ਰਿੜ੍ਹ ਕਰਵਾ ਦਿਤਾ ਹੈ। ਉਸ ਲਈ ਸ਼ਹੀਦੀ ਕੋਈ ਔਖੀ ਗੱਲ ਨਹੀਂ ਹੁੰਦੀ।

ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ ॥ ਕਹਿ ਨਾਨਕ ਥਿਰੁ ਨ ਰਹੈ ਜਿਉ ਬਾਲੂ ਕੀ ਭੀਤਿ ॥੪੯॥
ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ ॥
ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ ॥੫੦॥
(ਸਲੋਕ ਮ: ੯, ਪੰਨਾ ੧੪੨੮)

ਇਸ ਲਈ ਦੇਸ਼, ਕੌਮ, ਧਰਮ ਜਾਂ ਮਹਾਨ ਕਾਰਜ ਲਈ ਜੇ ਸਰੀਰ ਦੀ ਬਲੀ ਦੇਣੀ ਭੀ ਪੈ ਜਾਵੇ ਤਾਂ ਸਿਖ ਨੇ ਕਦੀ ਸੰਕੋਚ ਨਹੀਂ ਕੀਤਾ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮਹਾਨ ਉਦੇਸ਼ ਲਈ ਸੀਸ ਦੀ ਕੁਰਬਾਨੀ ਦਿਤੀ। ਇਵੇਂ ਹੀ ਸ੍ਰੀ ਗੁਰੂ ਤੇਗ ਬਹਾਦਰ ਜੀ, ਅਤੇ ਉਹਨਾਂ ਦੇ ਸਭ ਪਰਿਵਾਰ ਨੇ ਧਰਮ ਦੀ ਖਾਤਰ ਸ਼ਹੀਦੀਆਂ ਪਾ ਕੇ ਕੁਰਬਾਨੀ ਦੀ ਮਰਯਾਦਾ ਨੂੰ ਪੱਕਿਆਂ ਕੀਤਾ। ਇਨ੍ਹਾਂ ਮਹਾਨ ਸ਼ਹੀਦੀਆਂ ਦੇ ਪ੍ਰਭਾਵ ਕਰਕੇ, ਗੁਰੂ ਕੇ ਸਿਖਾਂ ਨੇ ਸਰੀਰ ਨਾਲ ਕਦੇ ਪਿਆਰ ਨਹੀਂ ਕੀਤਾ, ਅਨੰਦਪੁਰ ਸਾਹਿਬ ਦੀਆਂ ਜੰਗਾਂ ਵਿਚ, ਤੇ ਫਿਰ ਬੰਦਾ ਸਿੰਘ ਬਹਾਦਰ ਦੇ ਸੰਗ ਸਾਥ ਹੋ ਕੇ ਪੰਥਕ ਕਾਜ ਲਈ, ਧਰਮ ਦੀ ਸੁਤੰਤਰਤਾ ਨੂੰ ਕਾਇਮ ਰਖਣ ਲਈ ਜੁਧ ਕੀਤੇ, ਛੋਟੇ ਅਤੇ ਵੱਡੇ ਘਲੂਘਾਰੇ ਵਿਚ ਸ਼ਹੀਦੀਆਂ ਪਾਈਆਂ, ਚਰਖੜੀਆਂ ਤੇ ਚੜ੍ਹੇ, ਆਰਿਆਂ ਨਾਲ ਤਨ ਚਿਰਵਾ ਲਏ, ਜੀਉਂਦੇ ਸਾੜੇ ਗਏ, ਪਰ ਅਡੋਲ ਰਹੇ। ਅਡੋਲ ਇਸ ਕਰਕੇ ਰਹੇ ਕਿਉਂਕਿ ਗੁਰਬਾਣੀ ਧਰਵਾਸ ਦੇ ਰਹੀ ਹੈ ਕਿ ਬਹਾਦਰਾਂ ਦਾ ਮੌਤ ਨੂੰ ਹਸੂ ਹਸੂ ਕਬੂਲ ਕਰਨਾ ਦਰਗਾਹੀ ਹੱਕ ਹੈ। ਅਤੇ ਉਹਨਾਂ ਨੂੰ ਅਜਿਹੇ


www.AKJ.Org

ਮਰਨ ਤੋਂ ਬਾਅਦ ਸੱਚੀ ਦਰਗਾਹ ਵਿਚ ਸੱਚਾ ਮਾਣ ਪ੍ਰਾਪਤ ਹੁੰਦਾ ਹੈ। ਯਥਾ ਗੁਰਵਾਕ :—

ਮਰਣੁ ਮੁਣਸਾਂ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ ॥
ਸੂਰੇ ਸੇਈ ਆਗੈ ਆਖੀਅਹਿ, ਦਰਗਹ ਪਾਵਹਿ ਸਾਚੀ ਮਾਣੋ ॥ (ਪੰਨਾ ੫੭੯-੮੦)

ਦਰ-ਅਸਲ ਆਮ ਲੋਕੀ ਮੌਤ ਨੂੰ ਚੰਗਾ ਨਹੀਂ ਸਮਝਦੇ, ਕਿਉਂਕਿ ਉਹਨਾਂ ਅੰਦਰ 'ਇਹ ਜਗ ਮਿੱਠਾ' ਬਣਿਆ ਹੁੰਦਾ ਹੈ, ਅਤੇ ਦੂਜਾ, ਮਰਨ ਤੋਂ ਪਿਛੋਂ ਜਮਾਂ ਦੇ ਵਸ ਪੈਣ ਦਾ ਡਰ ਉਹਨਾਂ ਨੂੰ ਬਹੁਤ ਹੀ ਭੈ-ਭੀਤ ਕਰਦਾ ਹੈ। ਪਰ ਧੰਨ ਗੁਰੂ ਅਤੇ ਧੰਨ ਗੁਰੂ ਦੀ ਬਾਣੀ, ਜਿਸ ਨੇ ਸਿਖ ਲਈ ਮੌਤ ਜਿਹੀ ਭਿਆਨਕ ਚੀਜ਼ ਨੂੰ ਸਾਧਾਰਨ ਜਿਹੀ ਬਣਾ ਦਿਤਾ, ਕਿ ਸੱਚੀ ਮਰਨੀ ਮਰਨ ਪਿਛੋਂ ਦਰਗਾਹ ਵਿਚ ਥਾਂ ਮਿਲਦਾ ਹੈ ਤੇ ਪ੍ਰੀਤਮ ਦੇ ਦੀਦਾਰੇ ਹੁੰਦੇ ਹਨ—

ਕਬੀਰ ਜਿਸੁ ਮਰਨੇ ਤੇ ਜਗੁ ਡਰੈ, ਮੇਰੇ ਮਨਿ ਆਨੰਦੁ ॥
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥੨੨॥ (ਸਲੋਕ ਕਬੀਰ ਜੀ, ਪੰਨਾ ੧੩੬੫)

ਸਿਖ ਦੇ ਮਨ ਵਿਚ ਗੁਰਬਾਣੀ ਨੇ ਨਿਸਚਾ ਕਰਵਾ ਦਿਤੈ ਕਿ ਮਰਨ ਪਿਛੋਂ ਉਹ ਵਿਅਕਤੀ ਜਮਾਂ ਦੇ ਵਸ ਨਹੀਂ ਪੈਂਦਾ ਜੋ ਆਪਣੇ ਜੀਵਤ ਕਾਲ ਵਿਚ ਨਾਮ ਜਪਦਾ ਰਿਹਾ, ਬਾਣੀ ਪੜ੍ਹਦਾ ਰਿਹਾ ਹੋਵੇ, ਗੁਰੂ ਵਾਲਾ ਬਣ ਕੇ ਜੀਵਨ ਜੀਵਿਆ ਹੋਵੇ, ਅਤੇ ਸ਼ਬਦ ਰਾਹੀਂ ਮਨ ਮਾਰ ਚੁਕਾ ਹੋਵੇ, ਸਗੋਂ ਧਰਮ ਰਾਜਾ ਉਹਨਾਂ ਦੇ ਲੇਖੇ ਦੇ ਕਾਗਜ਼ ਫਾੜ ਸੁਟਦਾ ਹੈ—

ਜਿਨ ਕਉ ਕ੍ਰਿਪਾ ਕਰੀ ਜਗਜੀਵਨਿ, ਹਰਿ ਉਰਿ ਧਾਰਿਓ ਮਨ ਮਾਝਾ ॥
ਧਰਮਰਾਇ ਦਰਿ ਕਾਗਦ ਫਾਰੇ, ਜਨ ਨਾਨਕ ਲੇਖਾ ਸਮਝਾ ॥੪॥੫॥ (ਜੈਤਸਰੀ ਮ: ੪—੬੯੮)

ਅਤੇ—ਸਬਦਿ ਮਰਹਿ ਫਿਰਿ ਨ ਮਰਹਿ, ਤਾ ਸੇਵਾ ਪਵੈ ਸਭ ਥਾਇ ॥
ਪਾਰਸ ਪਰਸਿਐ ਪਾਰਸੁ ਹੋਵੈ, ਸਚਿ ਰਹੈ ਲਿਵ ਲਾਇ ॥੧॥੧੮॥
(ਸਲੋਕ ਮ: ੩, ਸੋਰਠਿ ਕੀ ਵਾਰ—੬੪੯)

ਇਹ ਸਿਖਿਆ ਬੁਨਿਆਦੀ ਹੈ ਕਿ ਜੋ ਸੰਸਾਰ ਵਿਚ ਆਇਆ ਹੈ ਉਸ ਨੇ ਮਰਨਾ ਅਵੱਸ਼ ਹੈ—

ਜੋ ਆਇਆ ਸੋ ਚਲਸੀ, ਸਭੁ ਕੋਈ ਆਈ ਵਾਰੀਐ ॥ (੪੭੪)

ਇਹ ਮਰਨ ਵਾਲੇ ਦੀ (Choice) ਮਰਜ਼ੀ ਹੈ, ਉਹ ਕਿਹੋ ਜਿਹੀ ਮੌਤ ਮਰਨਾ ਪਸਿੰਦ ਕਰਦਾ ਹੈ। ਇਕ ਮੌਤ ਕਾਵਾਂ ਕੁੱਤਿਆਂ ਵਾਲੀ ਮੌਤ ਹੈ ਤੇ ਦੂਜੀ ਮੌਤ ਹਰਿ ਕੇ ਦੁਆਰੇ ਉਤੇ ਹੁੰਦੀ ਹੈ। ਉਹ ਸ਼ਬਦ ਰਾਹੀਂ ਮਰਨ ਵਿਚ ਹੈ, ਉਸ ਮੌਤ ਤੋਂ ਬਾਅਦ ਜਨਮ ਮਰਨ ਮੁਕ ਜਾਂਦਾ ਹੈ, ਪਰ ਕੁੱਤੇ ਬਿਲੀਆਂ ਵਾਲੀ ਮੌਤ ਦਾ ਦੁਖਦਾਈ ਪੱਖ ਇਹੋ ਹੈ ਕਿ ਮੁੜ ਮੁੜ ਕੇ ਜੰਮਣਾ ਮਰਨਾ ਪੈਂਦਾ ਹੈ। ਜਗਤ ਦੀ ਪਸਿੰਦ ਅਤੇ ਸਿਖ ਦੇ ਮੌਤ ਦੀ ਪਸਿੰਦ ਵਿਚ ਫ਼ਰਕ ਹੈ। ਸੰਸਾਰ ਫਿਰ ਫਿਰ ਮਰਦਾ ਹੈ, ਸਿਖ ਇਕੋ ਵਾਰੀ ਝਗੜਾ ਨਿਬੇੜਨਾ ਚਾਹੁੰਦਾ ਹੈ।

ਸਬਦਿ ਮਰੈ ਸੋ ਮਰਿ ਰਹੈ, ਫਿਰਿ ਮਰੈ ਨ ਦੂਜੀ ਵਾਰ ॥
ਸਬਦੈ ਹੀ ਤੇ ਪਾਈਐ, ਹਰਿ ਨਾਮੇ ਲਗੈ ਪਿਆਰੁ ॥
ਬਿਨੁ ਸਬਦੈ ਜਗੁ ਭੂਲਾ ਫਿਰੈ, ਮਰਿ ਜਨਮੈ ਵਾਰੋ ਵਾਰ ॥੭॥੮॥ (ਸਿਰੀ ਰਾਗੁ ਮ: ੧, ਪੰਨਾ ੫੮)

ਜੋ ਮਨੁਖ ਸ਼ਬਦ ਨਾਲ ਲਗ ਕੇ ਮੌਤ ਵਰਗੇ ਭਿਆਨਕ ਸਮੁੰਦਰ ਤੋਂ ਨਹੀਂ ਡਰਦਾ, ਉਸਦੇ ਸਾਰੇ ਡਰ ਖ਼ਤਮ ਹੋ ਜਾਂਦੇ ਹਨ। ਦਰ-ਅਸਲ ਮੌਤ ਨੇ ਮਨੁਖਤਾ ਨੂੰ ਬੜਾ ਹੀ ਡਰਾ ਕੇ ਸਹਿਮ ਵਿਚ ਰਖਿਆ ਹੋਇਆ ਹੈ। ਗੁਰਬਾਣੀ ਸਿਖ ਨੂੰ ਨਿਰਭਉ ਨੂੰ ਜਪ ਜਪ ਕੇ ਦਲੇਰ ਬਣਾ ਦਿੰਦੀ ਹੈ। ਸੰਸਾਰ ਵਿਚ ਨੇਕੀ ਅਤੇ ਬਦੀ ਦੀ ਸ਼ੁਰੂ ਤੋਂ ਜੰਗ ਰਹੀ ਹੈ। ਨਿਰਭਉ ਜੋਧੇ ਨੇ ਸਦਾ ਨੇਕੀ ਦੀ ਫੌਜ ਬਣਾ ਕੇ ਬਦੀ ਨਾਲ ਲੜਨਾ ਹੈ। ਦਸਮ ਪਾਤਸ਼ਾਹ ਜੀ ਸਿਖ ਨੂੰ ਉਤਸ਼ਾਹ ਦਿੰਦਿਆਂ ਫੁਰਮਾਉਂਦੇ ਹਨ :—



www.AKJ.Org

ਦੇਹ ਸ਼ਿਵਾ ਬਰ ਮੋਹਿ ਇਹੈ, ਸ਼ੁਭ ਕਰਮਨ ਤੇ ਕਬਹੂੰ ਨ ਟਰੋਂ ॥
ਨ ਡਰੋਂ ਅਰਿ ਸੋਂ ਜਬ ਜਾਇ ਲਰੋਂ, ਨਿਸਚੈ ਕਰਿ ਅਪਨੀ ਜੀਤ ਕਰੋਂ ॥
ਅਰੁ ਸਿਖਹੋਂ ਅਪਨੇ ਹੀ ਮਨ ਕੋ, ਇਹ ਲਾਲਚ ਹਉ ਗੁਨ ਤਉ ਉਚਰੋਂ ॥
ਜਬ ਆਵ ਕੀ ਅਉਧ ਨਿਦਾਨ ਬਨੈ, ਅਤਿ ਹੀ ਰਨ ਮਹਿ ਤਬ ਜੂਝ ਮਰੋਂ ॥੨੩੧॥
(ਚੰਡੀ ਚਰਿਤ੍ਰ ਪਾ: ੧੦)

ਭਾਵ, ਹੇ ਵਾਹਿਗੁਰੂ ਜੀ ! ਮੈਨੂੰ ਇਹੋ ਵਰਦਾਨ ਦਿਓ ਕਿ ਮੈਂ ਨੇਕੀ ਕਰਨ ਤੋਂ ਨਾ ਹਟਾਂ, ਦੁਸ਼ਮਣ (ਬਦੀ) ਤੋਂ ਨਾ ਡਰਾਂ, ਤੇ ਜਦੋਂ ਜੁਧ ਵਿਚ ਕੁਦ ਪਵਾਂ, ਇਸ ਨਿਸਚੇ ਕਰਕੇ ਕਿ ਸਚ ਦੀ ਸਦਾ ਜਿਤ ਹੁੰਦੀ ਹੈ, ਮੈਂ ਉਸ ਜਿਤ ਦਾ ਹਿੱਸੇਦਾਰ ਬਣਾਂ । ਮੇਰੇ ਮਨ ਵਿਚ ਹੇ ਵਾਹਿਗੁਰੂ ! ਤੇਰੇ ਗੁਣ ਗਾਉਂਦੇ ਰਹਿਣ ਦਾ ਚਾਉ ਖਿੜਿਆ ਰਵੇ, ਅਤੇ ਰਣ ਤੱਤੇ ਵਿਚ ਜਦੋਂ ਦੇਖਾਂ ਕਿ ਹੁਣ ਜਾਨ ਦੀ ਬਾਜ਼ੀ ਲਾਏ ਬਿਨਾਂ ਗੱਲ ਨਹੀਂ ਬਣਨੀ, ਉਦੋਂ ਮੈਂ ਜੂਝ ਕੇ ਜਾਨ ਤੇ ਖੇਲ ਜਾਵਾਂ । ਦਸਮੇਸ਼ ਜੀ ਨੇ ਆਪ ਇਹ ਪੂਰਨੇ ਪਾ ਕੇ ਆਪਣੇ ਸਿਖਾਂ ਨੂੰ ਪ੍ਰੈਕਟੀਕਲ (ਅਮਲੀ ਤੌਰ ਤੇ) ਕਰਕੇ ਦਸਿਆ । ਤਾਂ ਹੀ ਜੋ ਸਿਖ ਬਾਣੀ ਪੜ੍ਹਦੇ ਹਨ, ਉਹ ਮੌਤ ਤੋਂ ਨਹੀਂ ਡਰਦੇ । ਸਾਰ ਸਿੱਟਾ ਇਹੋ ਹੈ ਕਿ ਨਾਮ-ਬਾਣੀ ਨਾਲ ਜੁੜਨਾ ਹੀ ਜੀਵਨ ਹੈ ਅਤੇ ਇਸ ਤੋਂ ਉਲਟ 'ਵਿਸਰ ਜਾਣਾ' ਮੌਤ ਹੈ ।

---

# ਸਭ ਤਰ੍ਹਾਂ ਦੀ ਸੇਵਾ ਨਿਭਾਉਣ ਵਾਲੇ ਗੁਰਮੁਖਾਂ ਪ੍ਰਤੀ ਜੋਦੜੀ

ਸਮੂਹ ਗੁਰੂ ਕੇ ਲਾਲਾਂ, ਕੀਰਤਨ-ਕਰਨਹਾਰੇ ਸਿੰਘਾਂ ਤੇ ਬੀਬੀਆਂ ਦੀ ਸੇਵਾ ਵਿਚ ਸਨਿਮਰ ਬੇਨਤੀ ਹੈ ਕਿ ਉਹ ਗੁਰਮੁਖੀ ਸਾਦਾ ਬਸਤਰਾਂ ਦੇ ਪਹਿਰਾਵੇ ਵਿਚ, ਕਿਰਪਾਨ ਉਪਰੋਂ ਦੀ ਸਜਾ ਕੇ ਕੀਰਤਨ ਦੀ ਸੇਵਾ ਨਿਭਾਉਣ । ਇਸ ਨਾਲ ਕੀਰਤਨ ਕਰਨ ਤੇ ਸੁਣਨਹਾਰੇ ਦੋਹਾਂ ਧਿਰਾਂ ਨੂੰ ਆਤਮਕ ਅਨੰਦ ਤੇ ਚੜ੍ਹਦੀ ਕਲਾ ਦਾ ਹੁਲਾਰਾ ਮਿਲਦਾ ਹੈ ।

ਗੁਰਸਿਖ ਵੀਰ ਕੀਰਤਨ, ਦੇਗ, ਲੰਗਰ, ਅਰਦਾਸ, ਕਿਸੇ ਸੇਵਾ ਵਿਚ ਵੀ ਪੈਂਟ ਬੁਸ਼ਰਟ ਪਾਉਣ ਤੋਂ ਪੂਰਾ ਸੰਕੋਚ ਕਰਨ । ਖੁਲ੍ਹੇ ਗਲਾਰਿਆਂ ਵਾਂਗ ਬੇਅੰਤ ਖੁਲ੍ਹੇ ਪੌਂਚਿਆਂ ਵਾਲੇ ਪਜਾਮੇ ਨਾਲ ਵੀ ਸੇਵਾ ਸ਼ੋਭਾ ਨਹੀਂ ਪਾਂਦੀ ।

ਗੁਰੂ ਕਾ ਲੰਗਰ ਸਜਾਉਣ ਤੇ ਵਰਤਾਉਣ ਦੀ ਸੇਵਾ ਪੰਜ-ਕਕਾਰੀ ਰਹਿਤ ਦੇ ਧਾਰਨੀ ਅੰਮ੍ਰਿਤਧਾਰੀ ਵਿਅਕਤੀ ਹੀ ਕਰਿਆ ਕਰਨ, ਅਤੇ ਇਸ ਗੱਲ ਵਿਚ ਢਿਲਿਆਈ ਬਿਲਕੁਲ ਨਹੀਂ ਵਰਤਣੀ ਚਾਹੀਦੀ ।

ਕਮਰਕਸਾ ਜਿਥੇ ਥਕਾਵਟ ਨੂੰ ਦੂਰ ਕਰਨ ਵਿਚ ਸਹਾਈ ਹੁੰਦਾ ਹੈ ਉਥੇ ਗਾਤਰੇ-ਕਿਰਪਾਨ ਨੂੰ ਅਗੇ ਪਿਛੇ ਖਿਸਕਣ ਤੋਂ ਰੋਕਦਾ ਹੈ ।

ਪੁਰਾਤਨ ਸਮੇਂ ਤੋਂ ਗੁਰ-ਮਰਯਾਦਾ ਚਲੀ ਆਉਂਦੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਸਜੇ ਗੁਰਸਿਖ ਚੌਰ-ਬਰਦਾਰ, ਅਰਦਾਸ ਅਤੇ ਕੀਰਤਨ ਦੀ ਸੇਵਾ ਕਰਨ ਵਾਲੇ ਪ੍ਰੇਮੀ ਗਲ ਵਿਚ ਹਜ਼ੂਰੀਆ ਰਖਦੇ ਆ ਰਹੇ ਹਨ । ਇਸ ਗੁਰ-ਮਰਯਾਦਾ ਨੂੰ ਕਾਇਮ ਰਖਣਾ ਗੁਰਸਿਖਾਂ ਦਾ ਪੂਰਾ ਫ਼ਰਜ਼ ਬਣਦਾ ਹੈ ।

ਇਸ ਸੰਬੰਧ ਵਿਚ ਸਟੇਜ-ਸਕਤ੍ਰ ਉਚੇਚੇ ਤੌਰ ਤੇ ਧਿਆਨ ਰਖੇ ਕਿ ਗੁਪਤ ਗਾਤਰੇ ਵਾਲੇ ਵਿਅਕਤੀ ਅਤੇ ਪਤਲੂਣ-ਧਾਰੀ ਕੀਰਤਨ ਕਰਨ ਵਾਲਿਆਂ ਨੂੰ ਇਸ ਵਿਸ਼ੇ ਵਲ ਉਨ੍ਹਾਂ ਦਾ ਖ਼ਾਸ ਤੌਰ ਤੇ ਧਿਆਨ ਦਿਵਾਂਦਾ ਰਹੇ ।

ਆਸ ਹੈ ਕਿ ਉਪਰੋਕਤ ਮਰਯਾਦਾ ਤੇ ਚਲਦੇ ਹੋਏ ਅਸੀਂ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਪੂਰਾ ਜਤਨ ਕਰਾਂਗੇ ।

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ ਕੇਂਦਰੀ ਦਫ਼ਤਰ



www.AKJ.Org

# ਸ਼ਹੀਦ ਭਾਈ ਤਾਰਾ ਸਿੰਘ ਜੀ 'ਵਾਂ' (੬)

[ਕੈਪਟਿਨ ਸਵਰਨ ਸਿੰਘ ਜੀ]

ਇਧਰ ਮੋਮਨ ਖ਼ਾਨ ਬੜੇ ਜ਼ੋਰ ਸ਼ੋਰ ਨਾਲ ਮੁਹਿੰਮ ਦੀਆਂ ਤਿਆਰੀਆਂ ਵਿਚ ਜੁਟ ਗਿਆ ਤੇ ਲੋਕਾਂ ਨੂੰ ਸਦ ਸਦ ਕੇ ਭਰਤੀ ਕਰਨ ਲੱਗਾ, ਉਧਰ ਭਾਈ ਤਾਰਾ ਸਿੰਘ ਜੀ ਨੇ ਆਪਣੇ ਮੇਲ ਗੇਲ ਵਾਲਿਆਂ ਸਿੰਘਾਂ ਨੂੰ ਸਨੇਹੇ ਘਲਾ ਦਿਤੇ ਕਿ ਤੁਸੀਂ ਪੰਥ ਦੀ ਆਨ ਸ਼ਾਨ ਬਦਲੇ ਆਪਣਾ ਆਪ ਕੁਰਬਾਨ ਕਰਨ ਲਈ ਮੌਕਿਆ ਲਭਣ ਦੀ ਤਾਂਘ ਵਿਚ ਹੋ ਤੇ ਵਾਹਿਗੁਰੂ ਅਗੇ ਆਪਣੀ ਅਰਦਾਸ ਹੁੰਦੀ ਹੈ ਕਿ ਜੇ ਮੌਤ ਮਿਲੇ ਤਾਂ ਰਣ-ਤੱਤੇ ਵਿਚ ਸੂਰਮਿਆਂ ਵਾਂਗ ਜੂਝਣ ਦੀ ਸ਼ਹੀਦੀ ਦਰਜਾ ਮਿਲੇ। ਸੋ ਉਹ ਸਮਾਂ ਹੁਣ ਆ ਗਿਆ ਹੈ। ਇਹ ਵੰਗਾਰਵਾਂ ਸੁਨੇਹਾ ਮਿਲਦਿਆਂ ਹੀ ਕਿਸੇ ਨੇ ਵੀ ਢਿਲ ਨਾ ਵਿਖਾਈ ਤੇ ਵਾਹਵਾ ਸਾਰੇ ਸਿੰਘ ਆਪਣੇ ਨੇਜ਼ੇ, ਸੇਲੇ, ਤੇਗਾਂ ਤੇ ਤੀਰ ਕਮਾਨਾਂ ਸੰਭਾਲ ਕੇ ਤਾਰਾ ਸਿੰਘ ਜੀ ਪਾਸ ਆ ਹਾਜ਼ਰ ਹੋਏ। ਹੁਣ ਸਾਰੇ ਲੜਾਈ ਦੀਆਂ ਵਿਚਾਰਾਂ ਕਰਨ ਲਗੇ। ਕਿਸੇ ਨੇ ਕਿਹਾ ਕਿ ਵੈਰੀ ਨੂੰ ਇਥੇ ਬੈਠ ਕੇ ਕੀ ਉਡੀਕਣਾ ਹੈ, ਦਿਨ ਛਿਪਦੇ ਨਾਲ ਚਾਲੇ ਪਾ ਕੇ ਭਰਤੀ ਵਾਲੀ ਥਾਂ ਇਕੱਠੀ ਹੋਈ ਫ਼ੌਜ ਉਤੇ ਜਾਂ ਝਪਟੀਏ, ਮਰਨਾ ਤਾਂ ਹੈ, ਕਿਉਂ ਨਾ ਆਪ ਜਾ ਕੇ ਗਲ ਲੱਗ ਕੇ ਮਰਿਆ ਜਾਵੇ? ਕਿਸੇ ਨੇ ਵੈਰੀ ਦਾ ਇਥੇ ਆਏ ਦਾ ਸਵਾਗਤ ਕਰਨ ਦੀ ਸਲਾਹ ਦਿਤੀ ਕਿ ਚੜ੍ਹ ਕੇ ਆਏ ਨੂੰ ਲੜਾਈ ਦਾ ਸਵਾਦ ਚਖਾਇਆ ਜਾਵੇ। ਕਿਸੇ ਨੇ ਕੁਝ ਕਿਹਾ, ਕਿਸੇ ਨੇ ਕੁਝ। ਅੰਤ ਜੋਸ਼ ਤੇ ਹੋਸ਼ ਨੂੰ ਥਾਉਂ ਥਾਈਂ ਰਖਦਿਆਂ ਇਹ ਫੈਸਲਾ ਪਰਪੱਕ ਹੋਇਆ ਕਿ ਲਾਹੌਰੋਂ ਏਡੀ ਵੱਡੀ ਫ਼ੌਜ ਚੜ੍ਹ ਕੇ ਆ ਰਹੀ ਹੈ, ਇਸ ਨਾਲ ਟਾਕਰਾ ਔਖਾ ਹੈ ਤੇ ਘਾਟੇ-ਵੰਦਾ ਸਾਬਤ ਹੋਵੇਗਾ। ਹੁਣ ਤਕ ਸਾਡੀ ਲੱਤ ਉਤੇ ਰਹੀ ਹੈ ਤੇ ਇਸ ਟਾਕਰੇ ਵਿਚ ਜਿਤ ਯਕੀਨੀ ਨਹੀਂ। ਇਸ ਲਈ ਸਿਆਣਪ ਟਾਲੇ ਵਿਚ ਹੈ। ਦੋ ਚਾਰ ਦਿਨਾਂ ਲਈ ਸੱਜੇ ਖੱਬੇ ਹੋ ਕੇ ਇਸ ਆ ਰਹੇ ਤੂਫ਼ਾਨ ਨੂੰ ਸਿਰੋਂ ਲੰਘਾ ਲਿਆ ਜਾਵੇ। ਸ਼ਾਹੀ ਫੌਜ ਆਵੇਗੀ ਤੇ ਮੈਦਾਨ ਖ਼ਾਲੀ ਵੇਖ ਕੇ ਇਥੇ ਠਹਿਰਨ ਨਹੀਂ ਲਗੀ। ਆਪੇ ਵਾਪਸ ਮੁੜ ਜਾਵੇਗੀ। ਆਪਾਂ ਫੇਰ ਵਾਪਸ ਮੁੜ ਆਵਾਂਗੇ ਜਾਂ ਜਿਵੇਂ ਸਮਾਂ ਹੋਵੇਗਾ ਸਿਝ ਲਵਾਂਗੇ। ਹੁਣ ਇਹ ਥਾਂ ਖ਼ਾਲੀ ਕਰ ਜਾਣਾ ਚਾਹੀਦਾ ਹੈ।

## 'ਮਾਲਵੇ ਵਲ ਚਾਲੇ ਤੇ ਨਗਰ ਦੇ ਪਤਣੋਂ ਤਾਰਾ ਸਿੰਘ ਤੇ ੧੮ ਹੋਰ ਵਾਪਸ ਮੁੜੇ—

ਇਹ ਵਿਚਾਰ ਪ੍ਰਵਾਨ ਕਰ ਕੇ ਸਾਰੇ ਸਿੰਘ ਆਪਣੇ ਸ਼ਸਤਰ, ਤੇ ਜਿਨ੍ਹਾਂ ਪਾਸ ਘੋੜੇ ਸਨ, ਨਾਲ ਲੈ ਕੇ ਵਹੀਰ ਦੀ ਸ਼ਕਲ ਵਿਚ ਮਾਲਵੇ ਨੂੰ ਚਾਲੇ ਪਾ ਤੁਰੇ। ਇਹ ਵਹੀਰ 'ਵਾਂ" ਤੋਂ ਚਲ ਕੇ ਅਲਗੋਂ, ਭਾਈ ਲੱਧੂ ਤੇ ਫਿਰ ਵਰਨਾਲਾ ਤੇ ਵਲਟੋਹਾ ਦੋਹਾਂ ਪਿੰਡਾਂ ਦੀ ਜੂਹ ਦੇ ਵਿਚਕਾਰ ਦੀ ਲੰਘ ਕੇ ਅੱਜ ਕਲ ਵਾਲੇ ਵਲਟੋਹਾ ਰੇਲਵੇ ਸਟੇਸ਼ਨ ਲਾਗੇ, ਪੌਣੇ ਕਿਲੋ ਮੀਟਰ ਦੇ ਫਾਸਲੇ ਤੇ ਸਥਿਤ ਪਿੰਡ ਬਹਾਦਰ ਨਗਰ, ਜੋ ਸਤਲੁਜ ਦਰਿਆ ਦੇ ਸੱਜੇ ਕੰਢੇ ਢਾਹੇ ਉਤੇ ਵਸਦਾ ਹੈ, ਜਾ ਰੁਕਿਆ। ਉਨ੍ਹੀਂ ਦਿਨੀਂ ਸਤਲੁਜ ਬਹਾਦਰ ਨਗਰ ਦੇ ਐਨ ਨਾਲ ਦੀ ਵਗਦਾ ਸੀ। ਅਤੇ ਇਹੋ "ਨਗਰ" ਦਾ ਪੱਤਣ ਸਦਾਉਂਦਾ ਸੀ। ਬਹਾਦਰ ਨਗਰ ਪਹੁੰਚ ਕੇ ਬੇੜੀ ਰਾਹੀਂ ਦਰਿਆ ਪਾਰ ਕਰਨ ਦੀ ਤਿਆਰੀ ਕੀਤੀ। ਭਾਈ ਤਾਰਾ ਸਿੰਘ ਨੇ ਕਿਹਾ ਕਿ ਗੁਰੂ ਮਹਾਰਾਜ ਦੀ ਆਗਿਆ ਤਾਂ ਲੈ ਲਈਏ, ਜੋ ਹੁਕਮ ਹੋਵੇਗਾ ਤਿਵੇਂ ਕਰਾਂਗੇ। ਆਪ ਬੜੇ ਨਿਤਨੇਮੀ ਤੇ ਸਿਦਕੀ ਸਿੰਘ ਸਨ। ਹਮੇਸ਼ਾ ਆਪਣੇ ਗਾਤਰੇ ਦਸਮ ਗੁਟਕਾ ਰਖਿਆ ਕਰਦੇ ਸਨ। ਅਰਦਾਸ ਕਰ ਕੇ ਜਦ ਹੁਕਮਨਾਮੇ ਵਜੋਂ ਤੁਕ ਲਈ ਤਾਂ ਇਸ ਸਵਯੇ ਦੀ ਤੁਕ ਆਈ :—

ਜੋ ਕਹੂੰ ਕਾਲ ਤੇ ਭਾਜ ਕੇ ਬਾਚੀਅਤ, ਤੋ ਕਿਹ ਕੁੰਟ ਕਾਹੋ ਭਜ ਜਈਐ॥
ਆਗੇ ਹੂੰ ਕਾਲ ਧਰੇ ਅਸਿ ਗਾਜਤ, ਛਾਜਤ ਹੈ ਜਿਹ ਤੇ ਨਸਿ ਅਈਐ॥



www.AKJ.Org

ਐਸੋ ਨ ਕੈ ਗਯੋ ਕੋਈ ਸੁ ਦਾਵ ਰੇ, ਜਾਹਿੰ ਉਪਾਵ ਸੋ ਆਪ ਬਚਈਐ ॥
ਜਾ ਤੇ ਨ ਛੂਟੀਐ ਮੂੜ ਕਹੂੰ, ਹਸ ਤਾ ਕੀ ਕਿਉਂ ਨ ਸਰਨਾਗਤਿ ਜਈਐ ॥੯੬॥

(ਪਾ: ੧੦, ਬਚਿਤ੍ਰ ਨਾਟਕ, ਧਿਆਇ ੧)

ਸਾਰੇ ਸਿੰਘਾਂ ਸਿਰ ਝੁਕਾ ਕੇ ਬੜੇ ਸਤਿਕਾਰ ਨਾਲ ਇਹ ਮਹਾਂਵਾਕ ਸੁਣਿਆ ਤੇ ਚੁਪ ਚਾਪ ਬੈਠੇ ਰਹੇ। ਤਾਰਾ ਸਿੰਘ ਜੀ ਨੇ ਕਿਹਾ ਕਿ ਸਤਿਗੁਰਾਂ ਦਾ ਹੁਕਮ ਸਪਸ਼ਟ ਹੈ। ਸਾਨੂੰ ਤਾਂ ਸ਼ਹੀਦ ਹੋਣ ਦੀ ਹੀ ਆਗਿਆ ਹੈ, ਹੁਣ ਅਸੀਂ ਪਾਰ ਨਹੀਂ ਜਾ ਸਕਦੇ। ਅਸੀਂ ਤਾਂ ਪਿਛਾਂਹ ਨੂੰ ਹੀ ਮੁੜਦੇ ਹਾਂ। ਜਿਸ ਜਿਸ ਨੂੰ ਜਾਨ ਪਿਆਰੀ ਹੈ, ਉਹ ਪਾਰ ਲੰਘ ਜਾਵੇ। ਅਤੇ ਜਿਸ ਨੇ ਸ਼ਹੀਦ ਹੋਣਾ ਹੈ ਉਹ ਬੜੀ ਖੁਸ਼ੀ ਨਾਲ ਸਾਡੇ ਸੰਗ ਪਿਛਾਂਹ ਨੂੰ ਮੁੜ ਪਵੇ। ਸਾਡੇ ਵਲੋਂ ਕਿਸੇ ਨੂੰ ਕੋਈ ਰੋਕ ਨਹੀਂ। ਇਹ ਗੱਲ ਸੁਣ ਕੇ ਉਸ ਵਹੀਰ ਚੋਂ ਹੇਠ ਲਿਖੇ ੧੮ ਸਿੰਘਾਂ ਤੋਂ ਬਿਨਾਂ ਸਭ ਪਾਰ ਲੰਘ ਗਏ ਤੇ ਮਾਲਵੇ ਨੂੰ ਚਲੇ ਗਏ :—

(੧) ਵਧਾਵਾ ਸਿੰਘ ਤੇ (੨) ਕੇਹਿਰ ਸਿੰਘ, ਦੋਵੇਂ ਹੀ ਤਾਰਾ ਸਿੰਘ ਦੇ ਪਿੰਡ "ਵਾਂ" ਦੇ। (੩) ਸ਼ਾਹੀ ਸਿੰਘ ਬ੍ਰਾਹਮਣ ਝਲੀਆ ਪਿੰਡ ਦਾ। ਇਹ ਪਿੰਡ ਹੁਣ ਪਾਕਿਸਤਾਨ ਵਿਚ ਹੈ ਤੇ ਪਢਾਣੇ ਤੋਂ ਦੋ ਢਾਈ ਕਿ: ਮੀ: ਉਤਰ ਪਛਮ ਵਿਚ—ਥਾਣਾ ਬਰਕੀ ਹੈ। (੪) ਸੂਰਾ ਸਿੰਘ ਤਰਖਾਣ ਖਾਲੜੇ ਦਾ। (੫) ਹਾਤਾ ਸਿੰਘ ਚੂੰਘਾਂ ਦਾ। ਇਹ ਪਿੰਡ ਭਿਖੀ ਵਿੰਡੋਂ "ਵਾਂ" ਜਾਣ ਵਾਲੀ ਪੱਕੀ ਸੜਕ ਤੇ ਹੈ। (੬) ਮੇਘ ਸਿੰਘ ਗਿਲ ਮੱਦਰਾ ਦਾ—ਮੱਦਰ ਮਥਰਾ ਭਾਗੀ। ਇਹ ਪਿੰਡ ਵੀ "ਵਾਂ" ਦੇ ਲਾਗੇ ਹੀ ਹੈ, ਹਦ ਦੇ ਨਾਲ। (੭) ਲਖਬੀਰ ਸਿੰਘ ਸੰਧੂ ਘਰਿਆਲੇ ਦਾ। (੮) ਭੀਮ ਸਿੰਘ ਤੇ (੯) ਬਾਦਲ ਸਿੰਘ, ਦੋਵੇਂ ਹੀ ਰਤੋਕਿਆਂ ਦੇ। ਇਹ ਪਿੰਡ ਵੀ ਢਾਹੇ ਕੰਢੇ ਹੈ, ਬਹਾਦਰ ਨਗਰੋਂ ਅਗੇ। (੧੦) ਮਾਲੀ ਸਿੰਘ ਤੇ (੧੧) ਗੁਰਬਖਸ਼ ਸਿੰਘ, ਦੋਵੇਂ ਸੰਧੂ ਜੱਟ ਪਢਾਣੇ ਦੇ। (੧੨) ਬੁਲਾਕਾ ਸੇਖੋਂ ਸਾਘਣੇ ਦਾ। ਇਹ ਪਿੰਡ ਅੰਮ੍ਰਿਤਸਰ ਤੋਂ ੭ ਕਿਲੋ ਮੀਟਰ ਦੀ ਵਿਥ ਤੇ ਅਪਰ ਬਾਰੀ ਦੁਆਬ ਦੇ ਸੱਜੇ ਕੰਢੇ ਹੈ। ਇਸ ਨੂੰ ਬਹੋੜੂ ਵਾਲੇ ਪੁਲ ਤੋਂ ਨਹਿਰ ਦੇ ਲਹਿੰਦੇ ਪਾਸੇ ਰਾਹ ਜਾਂਦਾ ਹੈ ਤੇ ਪੁਲ ਤੋਂ ਕੋਈ ਡੇਢ ਕਿਲੋ ਮੀਟਰ ਹੈ। ਇਸੇ ਪੁਲ ਤੋਂ ਨਹਿਰ ਦੇ ਖੱਬੇ ਕੰਢੇ ਤੋਂ ਸਿੱਧਾ ਚੜ੍ਹਦੇ ਨੂੰ ੨ ਕਿ: ਮੀ: ਦੇ ਫਾਸਲੇ ਤੇ ਮੰਡਿਆਲੀ ਹੈ ਤੇ ਇਹ ਮੱਸੇ ਰਘੜ ਦਾ ਪਿੰਡ ਹੈ। (੧੩) ਜੋਧ ਸਿੰਘ ਬਾਜਵਾ ਨਾਰੋਵਾਲ ਦਾ ਜ਼ਿਲਾ ਸਿਆਲਕੋਟ (ਪਾਕਿਸਤਾਨ)। (੧੪) ਬਘੇਲ ਸਿੰਘ ਦਾ ਭਰਾ ਅਮਰ ਸਿੰਘ "ਢਿਲੋਂ" ਪਿੰਡ ਭੁਸਿਆਂ ਦਾ। (੧੫,੧੬) ਸਮੁੰਦ ਸਿੰਘ ਤੇ ਲਾਭ ਸਿੰਘ ਮੁਲਤਾਨੀਏ। (੧੭,੧੮) ਭੋਗ (ਬੋਘ) ਸਿੰਘ ਤੇ ਸਾਲ ਸਿੰਘ ਪਿਸ਼ੌਰੀਏ।

ਤਾਰਾ ਸਿੰਘ ਦੇ ਨਾਲ ਦੇ ਇਹ ੧੮ ਸਿੰਘ ਉਸੇ ਦਿਨ ਹੀ "ਵਾਂ" ਵਾਪਸ ਆ ਗਏ। ਇਥੇ ਇਕ ਤਕੜਾ ਲੰਮਾ ਸਾਰਾ ਥੰਮ੍ਹ ਘੜਾ ਕੇ ਗੱਡ ਦਿਤਾ। ਇਕ ਬਕਰੇ ਦੀ ਖਲ ਨਾਲ ਇਕ ਨਗਾਰਾ ਮੜ੍ਹ ਲਿਆ ਕਿ ਲੋੜ ਪੈਣ ਤੇ ਆਸੇ ਪਾਸੇ ਗਏ ਨੂੰ ਇਸ ਤੇ ਚੋਟ ਲਾ ਕੇ ਖ਼ਬਰਦਾਰ ਕੀਤਾ ਜਾ ਸਕੇ। ਫੌਜ ਆਵੇ ਤਾਂ ਇਕ-ਮੁਠ ਹੋ ਕੇ ਟਾਕਰਾ ਕੀਤਾ ਜਾਵੇ। ਕੋਈ ਲਾਗੇ-ਬੰਨੇ ਗਿਆ ਸਿੰਘ ਇਕੱਲਾ-ਕਾਰਾ ਕਾਬੂ ਨਾ ਆ ਜਾਵੇ। ਮੈਦਾਨ ਵਿਚ ਸਨਮੁਖ ਹੋ ਕੇ ਜੂਝਣ ਲਈ ਸਿੰਘ ਲਾਹੌਰੀ ਫ਼ੌਜ ਦੀ ਉਡੀਕ ਕਰਨ ਲੱਗੇ।

**ਹਜ਼ੂਰਾ ਸਿੰਘ ਦਾ ਦਲੇਰੀ ਕਰਕੇ ਲਾਹੌਰੋਂ "ਵਾਂ" ਆ ਕੇ ਸਿੰਘਾਂ ਨੂੰ ਖ਼ਬਰ ਦੇਣੀ—**

ਦਿੱਲੀ ਦਰਵਾਜ਼ਿਓਂ ਬਾਹਰ ਪੜਾ ਵਿਚ ਜਦ ਤਾਰਾ ਸਿੰਘ "ਵਾਂ" ਦੇ ਖ਼ਿਲਾਫ਼ ਮੁਹਿੰਮ ਦੀ ਤਿਆਰੀ ਵਜੋਂ ਮੋਮਨ ਖ਼ਾਨ ਭਰਤੀ ਕਰ ਰਿਹਾ ਸੀ ਤਾਂ ਇਹ ਖ਼ਬਰ ਘਰ ਘਰ ਫੈਲ ਗਈ ਤੇ ਆਮ ਗੱਲ-ਕਥ ਵਿਚ ਇਸ ਦਾ ਚਰਚਾ ਹੋਣ ਲਗਾ ਕਿ ਇਹ ਫ਼ੌਜ ਸਿੰਘਾਂ ਨਾਲ ਲੜਨ ਲਈ ਤਿਆਰ ਕੀਤੀ ਜਾ ਰਹੀ ਹੈ। ਜੋ ਸਿੰਘ ਸਰਕਾਰੀ ਨੌਕਰੀ ਵਿਚ ਸਨ ਅਤੇ ਖਾਸ ਕਰ ਜੋ ਸ਼ਾਹੀ ਫੌਜ ਵਿਚ ਸਨ, ਉਨ੍ਹਾਂ ਨੇ ਵੀ ਸਿੰਘਾਂ ਪ੍ਰਤੀ ਬਣੇ ਖਤਰੇ ਨੂੰ ਬੁਰੀ ਤਰ੍ਹਾਂ ਅਨੁਭਵ ਕੀਤਾ। ਫ਼ੌਜੀ ਸਿੰਘਾਂ ਨੇ ਸਲਾਹ ਕੀਤੀ ਕਿ ਕਿਸੇ ਸਿੰਘ ਨੂੰ ਭੇਜ ਕੇ ਤਾਰਾ ਸਿੰਘ ਹੁਰਾਂ ਨੂੰ ਇਸ ਮੁਹਿੰਮ ਦੀ ਖ਼ਬਰ ਦੇ ਦਿਤੀ ਜਾਵੇ ਤਾਂ ਜੁ ਉਹ ਆਪਣੀ ਤਕੜਾਈ ਕਰ ਲੈਣ। ਬੇਖ਼ਬਰੀ ਵਿਚ ਕਿਤੇ ਅਨਭੋਲ ਹੀ ਮਾਰੇ ਨਾ ਜਾਣ।



www.AKJ.Org

ਸੋ ਲਾਹੌਰੋਂ ਇਕ ਉਦਮੀ ਤੇ ਬੜਾ ਦਲੇਰ ਸਿੰਘ, ਹਜ਼ੂਰਾ ਸਿੰਘ ਨਾਮੇ, ਦਿਨ ਛਿਪੇ ਤੋਂ ਪਿਛੋਂ "ਵਾਂ" ਵਲ ਨੂੰ ਘੋੜੇ ਤੇ ਰਵਾਨਾ ਹੋ ਗਿਆ ਤੇ ਵਾਹੋਦਾਹੀ "ਵਾਂ" ਅੱਪੜਿਆ। ਵਾੜੇ ਪਾਸ ਆ ਕੇ ਫਲਾ ਬੰਦ ਵੇਖ ਕੇ, ਘੋੜੇ ਤੇ ਚੜ੍ਹੇ ਚੜ੍ਹਾਏ ਨੇ ਬਾਹਰੋਂ ਹੀ ਫਤਹ ਗਜਾਈ। ਅੰਦਰ ਹਾਜ਼ਰ ਸਿੰਘਾਂ ਨੇ ਆਵਾਜ਼ ਪਛਾਣ ਕੇ ਫਲਾ ਖੋਲ੍ਹ ਕੇ ਅੰਦਰ ਲੰਘਾ ਲਿਆ ਤੇ ਉਸ ਨੂੰ ਆਦਰ ਸਤਿਕਾਰ ਦਿਤਾ। ਉਸ ਵੇਲੇ ਲੰਗਰ ਵਿਚ ਜੋ ਹਾਜ਼ਰ ਸੀ, ਛਕਾਇਆ ਤੇ ਫਿਰ ਅੰਗੀਠੇ ਪਾਸ ਲਿਆ ਬਿਠਾਇਆ। ਉਸ ਨੇ ਆਪਣੇ ਆਉਣ ਦਾ ਤੇ ਮੁਹਿੰਮ ਦੀ ਤਿਆਰੀ ਦਾ ਸਾਰਾ ਹਾਲ ਚਾਲ ਦਸਿਆ। ਹਜ਼ੂਰਾ ਸਿੰਘ ਨੇ ਦਸਿਆ ਕਿ ਭਲਕੇ ਫੌਜ ਨੇ ਤੁਹਾਡੇ ਉਤੇ ਚੜ੍ਹਾਈ ਲਈ ਕੂਚ ਕਰਨਾ ਹੈ। ਫੌਜ ਤੋਪਾਂ ਜੰਬੂਰਿਆਂ ਤੇ ਰਹਿਕਲਿਆਂ ਨਾਲ ਪੂਰੀ ਤਰ੍ਹਾਂ ਲੈਸ ਹੈ। ਸਵਾਰਾਂ ਤੇ ਪਿਆਦਿਆਂ ਤੋਂ ਉਪ੍ਰੰਤ ਮੁਲਖਈਆ ਵੀ ਬਹੁਤ ਹੈ। ਅੱਗੇ ਤੁਸੀਂ ਮੁੱਠੀ ਭਰ ਸਿੰਘ ਹੋ। ਇਹ ਬਿਲਕੁਲ ਅਸਾਵਾਂ ਮੁਕਾਬਲਾ ਹੈ। ਤੁਸੀਂ ਦੋ ਚਾਰ ਦਿਨਾਂ ਲਈ ਸੱਜੇ ਖੱਬੇ ਹੋ ਜਾਵੋ। ਫ਼ੌਜ ਦੇ ਹੱਥ ਤਾਂ ਕੁਝ ਆਉਣਾ ਨਹੀਂ। ਬਸ ਫਿਰ ਤੁਰ ਕੇ ਜਿਧਰੋਂ ਆਈ, ਉਧਰ ਵਾਪਸ ਮੁੜ ਜਾਵੇਗੀ। ਏਥੇ ਫੌਜ ਨੂੰ ਖਾਣ ਪੀਣ ਨੂੰ ਕੁਝ ਲਭਣਾ ਨਹੀਂ ਤੇ ਉਨ੍ਹੇ ਬਹੁਤੀ ਦੇਰ ਰੁਕਣਾ ਨਹੀਂ। ਤੁਸੀਂ ਵਾੜੇ ਵਿਚ ਫਿਰ੍ ਆਣ ਬਿਰਾਜਿਓ। ਤਾਰਾ ਸਿੰਘ ਜੀ ਨੇ ਇਹ ਸੁਣ ਕੇ ਆਏ ਸਿੰਘ ਦਾ ਬਹੁਤ ਧੰਨਵਾਦ ਕੀਤਾ ਤੇ ਨਿਮਰਤਾ ਨਾਲ ਆਖਿਆ ਕਿ ਸਾਨੂੰ ਜਾਨਾਂ ਨਾਲੋਂ ਸ਼ਹਾਦਤ ਪਿਆਰੀ ਹੈ, ਤੇ ਇਸ ਲਈ ਅਸੀਂ ਸ਼ਹੀਦ ਹੋਣ ਲਈ ਤਿਆਰ ਬੈਠੇ ਹਾਂ। ਅਸਾਂ ਜਾਨਾਂ ਬਚਾਉਣ ਲਈ ਭਜ ਕੇ ਕਿਸੇ ਪਾਸੇ ਨਹੀਂ ਜਾਣਾ। ਚੜ੍ਹ ਕੇ ਆਏ ਵੈਰੀ ਨਾਲ ਸਨਮੁਖ ਹੋ ਕੇ ਟਕਰਨਾ ਹੈ। ਅਸੀਂ ਅਰਦਾਸ ਕਰ ਚੁਕੇ ਹਾਂ।

ਇਹ ਬਚਨ ਬਿਲਾਸ ਸੁਣ ਕੇ ਹਜ਼ੂਰਾ ਸਿੰਘ ਵਾਪਸ ਲਾਹੌਰ ਨੂੰ ਮੁੜ ਪਿਆ ਤੇ ਰਾਤੋ ਰਾਤ ਫ਼ੌਜ ਵਿਚ ਜਾ ਰਲਿਆ। ਕਿਸੇ ਨੂੰ ਕੋਈ ਸ਼ੱਕ ਨਾ ਪਿਆ ਕਿ ਇਹ ਕਿਥੇ ਜਾ ਕੇ ਤੇ ਕੀ ਕਰ ਕੇ ਆਇਆ ਹੈ।

**ਮੋਮਨ ਖਾਨ ਦਾ ਲਾਹੌਰੋਂ "ਵਾਂ" ਵਲ ਕੂਚ ਕਰਨਾ—**

ਮੋਮਨ ਖਾਨ ਦੀ ਇਸ ਮੁਹਿੰਮ ਲਈ ਤਿਆਰੀ ਹੋ ਚੁਕੀ ਸੀ। ਇਹ ਇਕ ਹੰਢਿਆ ਪਰਖਿਆ ਤੇ ਚਤਰ ਜਰਨੈਲ ਸੀ। ਇਸ ਕਿਸਮ ਦੀਆਂ ਕਈ ਮੁਹਿੰਮਾਂ ਉਹ ਹੱਥਾਂ ਵਿਚ ਦੀ ਲੰਘਾ ਚੁਕਿਆ ਸੀ। ਉਸ ਨੇ ਸੋਚ ਕੇ ਬਿਧ ਬਣਾਈ ਕਿ ਰਾਤੋ ਰਾਤ ਸਿੰਘਾਂ ਨੂੰ ਜਾ ਨੱਪਣਾ ਚਾਹੀਦਾ ਹੈ। ਜੇ ਦਿਨ ਚੜ੍ਹ ਗਿਆ ਤੇ ਲੜਾਈ ਚਾਨਣੇ ਹੋਈ ਤਾਂ ਸਾਡੇ ਬਹੁਤ ਆਦਮੀ ਮਾਰੇ ਜਾਣਗੇ। ਮੋਮਨ ਖਾਨ ਨੇ ਆਪਣੀ ਬਹੁਤੀ ਜ਼ਿੰਦਗੀ ਸਿੰਘਾਂ ਨਾਲ ਹੀ ਲੜਦਿਆਂ ਭਿੜਦਿਆਂ ਗੁਜ਼ਾਰੀ ਸੀ ਤੇ ਉਸ ਨੂੰ ਇਸ ਗੱਲ ਦਾ ਬੜਾ ਕਰੜਾ ਤਜਰਬਾ ਹੋ ਚੁਕਿਆ ਸੀ। ਛਪੋਲ ਹੀ ਵਧੀਆ ਵਿਧੀ ਸੀ। ਇਸ ਲਈ ਉਸ ਨੇ ਸੂਰਜ ਡੁਬਦਿਆਂ ਹੀ ਕੂਚ ਦਾ ਬਿਗਲ ਵਜਵਾ ਦਿਤਾ ਤੇ ਰਾਤ ਢਲਲਿਆਂ [2]ਘਵਿੰਡ ਦੇ ਪਾਸ ਆਣ ਲਥੇ। ਫ਼ੌਜ ਵਿਚ ਇਹੋ ਜਿਹਾ ਕੋਈ ਸੂਹੀਆ ਨਹੀਂ ਸੀ, ਜੋ ਅੱਗੇ ਲੱਗ ਕੇ ਦਸ ਸਕਦਾ ਕਿ ਤਾਰਾ ਸਿੰਘ ਦਾ "ਵਾਂ" ਵਾਲਾ ਥਾਂ-ਟਿਕਾਣਾ ਏਥੋਂ ਕਿਸ ਪਾਸੇ ਹੈ। ਇਸ ਲਈ ਵਿਚਾਰ ਹੋਈ ਕਿ ਇਸ ਪਿੰਡ (ਘਵਿੰਡ) ਨੂੰ ਘੇਰ ਲਿਆ ਜਾਵੇ। ਜਦ ਤਅੱਦੀ ਦਿਆਂਗੇ ਤਾਂ ਆਪੇ ਕੋਈ ਸੂਹੀਆ ਬਣ ਕੇ ਅੱਗੇ ਲੱਗ ਤੁਰੂ ਤੇ ਸਾਨੂੰ ਥਾਂ ਸਿਰ ਪਹੁੰਚਾ ਦੇਵੇਗਾ। ਸੋ ਇਸ ਖ਼ਿਆਲ ਨਾਲ ਪਿੰਡ ਨੂੰ ਘੇਰਾ ਪਾ ਲਿਆ। ਰਾਤ ਵੇਲੇ ਕੁਝ ਪੰਖੇਰੂਆਂ (ਬਿਲ ਬਤੌਰੀਆਂ ਤੇ ਟਟਿਓਹਲੀਆਂ) ਤੇ ਕੁਤਿਆਂ ਨੂੰ ਬੜੀ ਬਿੜਕ ਹੁੰਦੀ ਹੈ। ਕੁੱਤੇ ਤਾਂ ਓਬੜ ਆਦਮੀ ਨੂੰ ਪਿੰਡ ਉਦਾਲੇ ਜਾਂ ਪਿੰਡ ਵਿਚ ਫਿਰਦਾ ਵੇਖ ਕੇ ਜ਼ੋਰ ਜ਼ੋਰ ਨਾਲ ਭੌਂਕਣ ਲੱਗ ਪੈਂਦੇ ਹਨ। ਸੋ ਏਨੀ ਫੌਜ, ਘੋੜਿਆਂ ਦੇ ਸੁਮਾਂ ਦਾ ਖੜਕਾ ਤੇ ਵਜਦੇ ਫੁਰਕੜੇ ਸੁਣ ਕੇ ਕੁੱਤਿਆਂ **ਭੌਂ ਰੌਲਾ** ਮਚਾ ਦਿਤਾ। ਕਈ ਬੰਦੇ ਉਠ ਬੈਠੇ। ਇਹ ਉੱਪਲ ਗੋਤ ਦਿਆਂ ਜੱਟਾਂ ਦਾ ਪਿੰਡ ਸੀ। ਏਥੋਂ ਦਾ ਨੰਬਰਦਾਰ 'ਸੂਜਾ' ਨਾਮੇ ਜ਼ਿਮੀਦਾਰ ਸੀ, ਜੋ ਬੜਾ ਸਿਆਣਾ ਆਦਮੀ ਸੀ। ਉਹ ਬਾਹਰ ਆਇਆ। ਫੌਜ ਵੇਖ ਕੇ ਹੀ ਸਮਝ ਗਿਆ ਕਿ ਇਹ ਕਿਸ ਪਾਸੇ ਦੀ ਮੁਹਿੰਮ ਹੈ। ਸਿੰਘਾਂ ਦੇ ਸਿਰ ਤੇ ਬਣੀ ਵੇਲੇ ਸਹਾਇਤਾ ਵਜੋਂ ਤੁਰੰਤ ਕੁਝ ਕਰਨਾ ਚਾਹੀਦਾ ਹੈ। ਆਪਣੇ ਭਰਾ ਨੂੰ ਜਲਦੀ ਨਾਲ ਤਾਰਾ ਸਿੰਘ ਦੇ ਵਾੜੇ ਵਲ ਘਲਾਇਆ ਕਿ ਉਨ੍ਹਾਂ ਨੂੰ ਖ਼ਬਰਦਾਰ ਕਰ ਦੇਵੇ ਤੇ ਕਹੇ ਕਿ



www.AKJ.Org

ਆਪਣਾ ਸਮਾਂ ਟਾਲ ਜਾਣ। ਆਪ ਲੰਬਰਦਾਰ ਨੇ ਫੌਜ ਦੇ ਮੁਖੀ ਪਾਸ ਜਾ ਕੇ ਕਿਹਾ ਕਿ ਤੁਸਾਂ ਕਿਧਰ ਨੂੰ ਜਾਣਾ ਹੈ ? ਮੋਮਨ ਖਾਨ ਦਾ ਇਰਾਦਾ ਸੁਣ ਕੇ ਆਪ ਸੂਹੀਆ ਬਣ ਕੇ ਅੱਗੇ ਲੱਗ ਤੁਰਿਆ। ਅੰਦਰੋਂ ਇਰਾਦਾ ਇਹ ਸੀ ਕਿ ਫੌਜ ਨੂੰ ਮਗਰ ਲਾ ਕੇ ਐਧਰ ਉਧਰ ਲਈ ਫਿਰੇ ਤੇ ਔਝੜੇ ਪਾ ਕੇ ਏਨਾ ਕੁ ਚਿਰ ਲਾ ਦੇਵੇ ਕਿ ਸਿੰਘ ਖ਼ਬਰਦਾਰ ਹੋ ਕੇ ਵਾੜਿਓਂ ਨਿਕਲ ਦੁਰਾਡੇ ਚਲੇ ਜਾਣ ਤੇ ਫੌਜ ਦੇ ਹਥ ਕੁਝ ਨ ਲੱਗੇ। ਜਦ ਫੌਜ ਥਕੀ ਟੁਟੀ ਵਾੜੇ ਅੱਪੜੇ ਤਾਂ ਸਭ ਕੁਝ ਖ਼ਾਲੀ ਵੇਖ ਕੇ ਮਾਯੂਸ ਹੋ ਕੇ ਵਾਪਸ ਮੁੜ ਜਾਵੇ। ਜੇ ਕੁਝ ਦੇਰ ਲਈ ਉਥੇ ਅਟਕੇ ਵੀ ਤਾਂ ਸਿੰਘ ਕਾਫ਼ੀ ਦੂਰ ਨਿਕਲ ਗਏ ਹੋਣ।

**ਲੰਬਰਦਾਰ ਸੂਜੇ ਉੱਪਲ ਦੀ ਦੀਦਾ ਦਲੇਰੀ ਤੇ ਚਾਲਾਕੀ–**

ਫ਼ੌਜ ਦੀ ਜਾਣੇ ਬਲਾ ਕਿ ਇਹ ਕਿਸ ਕਿਸਮ ਦਾ ਸੂਹੀਆ ਸੀ। ਸੂਜਾ ਨਹੀਂ ਸੀ ਚਾਹੁੰਦਾ ਕਿ ਸੂਹੀਆ ਕਿਸੇ ਹੋਰਸ ਨੂੰ ਬਣਾ ਕੇ ਘਲਾਇਆ ਜਾਵੇ ਤੇ ਉਹ ਰਵਾਂ ਰਵੀਂ ਫੌਜ ਨੂੰ "ਵਾਂ" ਲੈ ਜਾਵੇ ਤੇ ਸਿੰਘ ਬੇਖ਼ਬਰੇ ਹੀ ਨੱਪ ਲਏ ਜਾਣ। ਇਸ ਲਈ ਉਹ ਆਪ ਤੁਰਿਆ ਅਤੇ ਫੌਜ ਨੂੰ ਜਾਣ ਬੁਝ ਕੇ ਆਪਣੇ ਮਗਰ ਲਾ ਕੇ ਐਧਰ ਉਧਰ ਫੇਰ ਫਾਰ ਕੇ ਪਿੰਡ ਕਲਸੀਆਂ ਖ਼ੁਰਦ ਦੇ ਲਹਿੰਦੇ ਪਾਸੇ ਦੀ ਕਰਕੇ ਦਖਣ ਵਿਚ ਪੰਜ ਕਿ: ਮੀ: ਦੀ ਵਿਥ ਤੇ ਸਥਿਤ ਡੱਲ ਪਿੰਡ ਵੱਲ ਲੈ ਗਿਆ ਅਤੇ ਮੋਮਨ ਖਾਨ ਨੂੰ ਆਖਿਆ ਕਿ ਤਾਰਾ ਸਿੰਘ ਐਸ ਵੇਲੇ ਇਸ ਪਿੰਡ ਵਿਚ ਹੈ। ਸੋ ਫੌਜ ਦਾ ਧਿਆਨ ਪਿੰਡ ਵੱਲ ਕਰ ਕੇ ਲੰਬਰਦਾਰ ਆਪ ਖਿਸਕ ਗਿਆ।

ਸੂਜੇ ਦਾ ਭਰਾ ਜਾਮਣ ਪਿੰਡ ਦੇ ਚੜ੍ਹਦੇ ਪਾਸੇ ਦੀ ਹੋ ਕੇ ਬੜੀ ਤੇਜ਼ੀ ਨਾਲ "ਵਾਂ" ਪਿੰਡ ਤਾਰਾ ਸਿੰਘ ਪਾਸ ਵਾੜੇ ਵਿਚ ਚਲਿਆ ਗਿਆ ਤੇ ਸ਼ਾਹੀ ਫੌਜ ਦੇ ਆ ਜਾਣ ਦੀ ਖ਼ਬਰ ਦਿਤੀ ਅਤੇ ਵਾੜਿਓਂ ਭਜ ਜਾਣ ਲਈ ਕਿਹਾ। ਭਾਊ ਫ਼ੌਜ ਨੂੰ ਡੱਲ ਵੱਲ ਜਾਣ ਬੁਝ ਕੇ ਲੈ ਗਿਆ ਹੈ, ਤਾਕਿ ਤੁਹਾਨੂੰ ਦੂਰ ਨਿਕਲ ਜਾਣ ਲਈ ਕਾਫ਼ੀ ਸਮਾਂ ਮਿਲ ਜਾਵੇ, ਤਾਰਾ ਸਿੰਘ ਨੇ ਇਹ ਹਮਦਰਦੀ ਭਰੀਆਂ ਗੱਲਾਂ ਸੁਣ ਕੇ ਦੋਹਾਂ ਭਰਾਵਾਂ ਦੀ ਬੜੀ ਸ਼ਲਾਘਾ ਕੀਤੀ ਤੇ ਥਾਪੀ ਦੇ ਕੇ ਆਖਿਆ ਕਿ ਤੁਸਾਂ ਦੋਹਾਂ ਭਰਾਵਾਂ ਨੇ ਮਰਦਾਂ ਵਾਲੀ ਕਰ ਵਿਖਾਈ ਹੈ ਤੇ ਜ਼ਿਮੀਦਾਰ ਭਰਾ ਹੋਣ ਦਾ ਹੱਕ ਪੂਰਾ ਕਰ ਦਿਤਾ ਹੈ। ਤੁਹਾਡੇ ਵਲੋਂ ਆਣ ਪੁਜੀ ਹੈ। ਪਰ ਅਸਾਂ ਏਥੋਂ ਭਜਣਾ ਨਹੀਂ। ਅਸੀਂ ਸ਼ਹੀਦ ਹੋਣਾ ਧਾਰੀ ਬੈਠੇ ਹਾਂ। ਤੂੰ ਹੁਣ ਏਥੋਂ ਵਾਪਸ ਮੁੜ ਜਾ ਤੇ ਜਿਸ ਰਸਤਿਓਂ ਫੌਜ ਨੇ ਆਉਣਾ ਹੈ ਉਸ ਰਸਤੇ ਨਾ ਜਾਈਂ।

**ਫ਼ੌਜ ਦਾ ਡੱਲ ਪਿੰਡ ਨੂੰ ਘੇਰਾ–**

ਮੋਮਨ ਖ਼ਾਨ ਦੇ ਹੁਕਮ ਨਾਲ ਡੱਲ ਪਿੰਡ ਨੂੰ ਤੁਰੰਤ ਘੇਰ ਲਿਆ ਗਿਆ। ਪਿੰਡ ਉਦਾਲੇ ਘੋੜਿਆਂ ਦੀ ਦਗੜ ਦਗੜ ਨਾਲ ਫਿਰ ਘਵਿੰਡ ਵਾਂਗ ਰੌਲਾ ਪੈ ਗਿਆ। ਇਥੋਂ ਦਾ ਲੰਬਰਦਾਰ ਬੁਲਾਕੀ ਨਾਂ ਦਾ ਜੱਟ ਸੀ। ਉਸ ਨੇ ਤੜਕਸਾਰ ਪਿੰਡ ਦੇ ਚੌਤਰਫ਼ੇ ਸਵਾਰਾਂ ਦੇ ਪਰ੍ਹੇ ਵੇਖ ਕੇ ਝਟ ਆਪਣੇ ਬੰਦਿਆਂ ਨੂੰ ਖ਼ਬਰਦਾਰ ਕਰਦਿਆਂ ਕਿਹਾ ਕਿ ਸਾਰੇ ਆਦਮੀ ਆਪੋ ਆਪਣੀ ਥਾਂ ਉਤੇ ਤਕੜੇ ਹੋ ਕੇ ਡਟ ਜਾਵੋ। ਅਤੇ ਜੇ ਕੋਈ ਸਵਾਰ ਅਗੇ ਵਧ ਕੇ ਗਲ ਪਵੇ ਜਾਂ ਕੋਈ ਵਾਧਾ ਕਰੇ ਤਾਂ ਲਿਹਾਜ਼ ਨਹੀਂ ਕਰਨਾ, ਸਗੋਂ ਚੰਗੀ ਤਰ੍ਹਾਂ ਮੱਤ ਵੀ ਦੇ ਦੇਣੀ ਹੈ। ਥਾਉਂ ਥਾਈਂ ਇਹ ਤਕੜਾਈ ਕਰ ਕੇ ਆਪ ਸਿਧਾ ਮੋਮਨ ਖਾਨ ਪਾਸ ਗਿਆ ਤੇ ਪੁਛਿਆ ਕਿ ਪਿੰਡ ਨੂੰ ਕਿਸ ਜੁਰਮ ਬਦਲੇ ਘੇਰਿਆ ਹੈ। ਮੋਮਨ ਖਾਨ ਨੇ ਕਿਹਾ ਕਿ ਸਰਕਾਰ ਦੇ ਵਦ੍ਰੋਹੀ ਤਾਰਾ ਸਿੰਘ ਧਾੜਵੀ ਦਾ ਇਹ ਪਿੰਡ ਹੈ ਤੇ ਅਸੀਂ ਉਸਨੂੰ ਫੜਨ ਆਏ ਹਾਂ। ਤੁਸੀਂ ਅੱਗੇ ਲੱਗ ਕੇ ਦਸੋ ਕਿ ਉਹ ਕਿਥੇ ਹੈ। ਬੁਲਾਕੀ ਸਾਰੀ ਗੱਲ ਭਾਂਪ ਗਿਆ। ਝੱਟ ਕੰਨਾਂ ਤੇ ਹੱਥ ਰਖ ਕੇ ਤੌਬਾ ਤੌਬਾ ਕਰਦਾ ਹੋਇਆ ਬੋਲਿਆ, "ਸਰਕਾਰ, ਸਾਡਾ ਉਸ ਨਾਲ ਕੋਈ ਸੰਬੰਧ ਨਹੀਂ। ਅਸੀਂ ਤਾਂ ਹਜ਼ੂਰ ਦੀ ਪਰਜਾ ਹਾਂ ਤੇ ਦਿਲੋਂ ਆਪ ਦੇ ਵਫ਼ਾਦਾਰ ਹਾਂ। ਉਸ ਦਾ ਟਿਕਾਣਾ ਐਥੋਂ ਦੋ ਕੋਹ ਅੱਗੇ ਦਖਣ ਵਲ ਹੈ। ਉਸ ਦਾ ਪਿੰਡ "ਵਾਂ" ਹੈ, ਤੇ ਇਹ ਸਾਡਾ ਪਿੰਡ "ਡਲ" ਹੈ। ਘਵਿੰਡ ਦੇ ਲੰਬਰਦਾਰ ਸੂਜੇ ਦੀ ਸਾਡੇ ਨਾਲ ਪੁਰਾਣੀ ਦੁਸ਼ਮਣੀ ਹੈ, ਇਸ ਲਈ ਉਹ ਵੈਰ ਕਰਕੇ ਤੁਹਾਨੂੰ



www.AKJ.Org

ਸਾਡੇ ਪਿੰਡ ਵੱਲ ਲੈ ਆਇਆ ਹੈ। ਤਾਰਾ ਸਿੰਘ ਨਾਲ ਸਾਡਾ ਕੋਈ ਮੇਲ ਮਿਲਾਪ ਨਹੀਂ, ਅਸੀਂ ਤਾਂ ਸਰਕਾਰ ਦੇ ਨਮਕਖ਼ਾਰ ਹਾਂ।''

ਬੁਲਾਕੀ ਲੰਬਰਦਾਰ ਨੇ ਆਪਣੀ ਵਫ਼ਾਦਾਰੀ ਤੇ ਨੇਕਨੀਤੀ ਦਾ ਤਟ ਫਟ ਸਬੂਤ ਦੇਣ ਲਈ ਆਪਣੇ ਨਾਲ ਦੇ ਆਦਮੀਆਂ ਨੂੰ ਕਿਹਾ ਕਿ ਪਿੰਡ ਵਿਚ ਫਿਰ ਕੇ ਹੋਕਾ ਦੇ ਦਿਉ ਕਿ ਕੋਈ ਘਰ ਮਧਾਣੀ ਨਾ ਪਾਵੇ, ਸਾਰਾ ਦੁੱਧ ਦਹੀਂ ਅੱਜ ਸ਼ਾਹੀ ਫੌਜ ਨੂੰ ਖੁਆਇਆਂ ਜਾਵੇ। ਫੌਜ ਨੂੰ ਸਾਰੀ ਰਾਤ ਦੇ ਉਨੀਂਦਰੇ ਤੇ ਲਾਹੌਰ ਦੇ ਪੈਂਡੇ ਨੇ ਭੰਨਿਆ ਕੁਟਿਆ ਹੋਇਆ ਸੀ, ਉਹ ਦੁਧ ਦਹੀਂ ਮਿਲਦਾ ਵੇਖ ਕੇ ਬੜੇ ਖੁਸ਼ ਹੋਏ। ਥੋੜਾ ਜਿਹਾ ਆਟਾ ਵੀ ਇਕੱਠਾ ਕਰ ਕੇ ਲਿਆ ਦਿਤਾ। ਆਟਾ ਵੇਖ ਕੇ ਤਾਂ ਫੌਜ ਹੋਰ ਵੀ ਚਾਂਭੜ ਗਈ ਤੇ ਹੋਰ ਮੰਗਣ ਲੱਗੇ। ਅਗੋਂ ਬੁਲਾਕੀ ਹੱਥ ਜੋੜ ਖਲੋਤਾ ਤੇ ਕਹਿਣ ਲਗਾ, "ਇਹ ਬ੍ਰਾਨਾ ਦੇਸ ਹੈ, ਹਜ਼ੂਰ, ਏਥੇ ਆਟਾ ਕਿਥੋਂ ? ਆਟੇ ਦੀ ਸ਼ਕਲ ਤਾਂ ਕਿਸੇ ਦਿਨ ਦਿਹਾਰ ਜਾਂ ਸ਼ਗਨਾਂ-ਤਿਉਹਾਰਾਂ ਨੂੰ ਹੀ ਵੇਖੀਂਦੀ ਹੈ। ਇਹ ਜੰਡ ਕ੍ਰੀਰਾਂ ਦਾ ਦੇਸ ਹੈ। ਅਸੀਂ ਤਾਂ ਇਨ੍ਹਾਂ ਦਾ ਡੇਲਾ ਬਾਟਾ ਖਾ ਕੇ ਗੁਜ਼ਾਰਾ ਕਰਦੇ ਹਾਂ। ਸੋ ਇਨ੍ਹਾਂ ਨਾਲ ਕੋਠੀਆਂ ਭੜੋਲੇ ਭਰੇ ਪਏ ਹਨ। ਉਹ ਜਿੰਨਾ ਚਾਹੋ, ਲਿਆ ਦੇਂਦੇ ਹਾਂ। ਦੁੰਬੇ ਛੱਤਰੇ ਖਾਣ ਵਾਲੀ ਸ਼ਾਹੀ ਫੌਜ ਨੂੰ ਭਲਾ ਡੇਲੇ ਕਿਵੇਂ ਲੰਘਣ। ਸਿਰ ਫੇਰ ਗਏ।

**ਉਸ ਵੇਲੇ ਖ਼ੁਰਾਕ ਦਾ ਇਹੋ ਹਾਲ ਸੀ–**

ਡੱਲ ਦੇ ਨੰਬਰਦਾਰ ਨੇ ਕੁਝ ਗ਼ਲਤ ਨਹੀਂ ਸੀ ਕਿਹਾ। ਉਸ ਸਮੇਂ ਕਣਕ ਆਦਿ ਅਨਾਜ ਦੁਰਲਭ ਸਨ। ਅੱਜ ਵਾਲੀ ਗੱਲ ਨਹੀਂ ਸੀ। ਨਹਿਰ ਕੋਈ ਨਹੀਂ ਸੀ, ਖੂਆਂ ਦੇ ਪਾਣੀ ਖਾਰੇ ਸਨ। (ਇਹੋ ਕਾਰਨ ਹੈ ਕਿ ਇਸ ਨੂੰ ਖਾਰਾ ਮਾਝਾ ਕਿਹਾ ਜਾਂਦਾ ਹੈ)। ਖੇਤੀ ਤਾਂ ਵਰਖਾ ਤੇ ਹੀ ਨਿਰਭਰ ਹੁੰਦੀ ਸੀ। ਵਰਖਾ ਹੋ ਗਈ ਤਾਂ ਕੁਝ ਹੋ ਗਿਆ, ਨਹੀਂ ਤਾਂ ਰੱਬ ਰਾਖਾ। ਸਾਰਾ ਮਾਝਾ ਜੰਡਾਂ ਕ੍ਰੀਰਾਂ, ਕਿਕਰਾਂ ਬੇਰੀਆਂ ਤੇ ਵਣਾਂ ਜੰਡਾਂ ਨਾਲ ਭਰਿਆ ਪਿਆ ਹੁੰਦਾ ਸੀ। ਡੇਲੇ, ਜੰਡਾਂ ਦੀਆਂ ਫਲੀਆਂ, ਪੀਲੂੰ ਤੇ ਮਾਈਂ ਆਦਿ ਬੇਹਿਸਾਬ ਹੁੰਦੇ ਸਨ। ਰੁਤ ਆਉਣ ਤੇ ਘਰਾਂ ਚੋਂ ਸਾਰੇ ਛੋਟੇ ਵੱਡੇ ਜੀਅ ਲੱਗ ਕੇ ਇਨ੍ਹਾਂ ਨਾਲ ਆਪਣੀਆਂ ਕੋਠੀਆਂ ਤੇ ਭੜੋਲੇ ਭਰ ਲੈਂਦੇ। ਇਨ੍ਹਾਂ ਨੂੰ ਦਰੜ ਫਰੜ ਕਰਕੇ ਜਾਂ ਉਬਾਲ ਕੇ ਦਹੀਂ ਲਸੀ ਨਾਲ ਲੂਣ ਮਿਰਚ ਪਾ ਕੇ ਖਾ ਪੀ ਲੈਂਦੇ। ਵਾਹੀ ਬੀਜੀ ਥੋੜੀ ਹੋਣ ਕਰਕੇ ਚਰਾਂਦਾਂ ਬੜੀਆਂ ਖੁਲ੍ਹੀਆਂ ਡੁਲ੍ਹੀਆਂ ਹੁੰਦੀਆਂ ਸਨ ਤੇ ਮਾਲ ਡੰਗਰ ਵੀ ਬਹੁਤ। ਲੋਕਾਂ ਪਾਸ ਲਵੇਰਾ ਬੇਓੜਕਾ ਹੁੰਦਾ ਤੇ ਬਹੁਤਿਆਂ ਦਾ ਗੁਜ਼ਾਰਾ ਦੁੱਧ ਦਹੀਂ ਉਤੇ ਹੀ ਹੁੰਦਾ ਸੀ। ਜੀਵਨ-ਨਿਰਬਾਹ ਲਈ ਬੜੀ ਕਠਨ ਮਿਹਨਤ ਕਰਨੀ ਪੈਂਦੀ ਸੀ ਤੇ ਲੋਕ ਬੜੇ ਮਜ਼ਬੂਤ ਜੁਸਿਆਂ ਤੇ ਡੀਲ ਡੋਲ ਵਾਲੇ ਹੁੰਦੇ ਸਨ। ਸਖ਼ਤ ਤੋਂ ਸਖ਼ਤ ਖੁਰਾਕ ਖਾ ਕੇ ਪਚਾ ਜਾਂਦੇ ਸਨ। ਅੱਜ ਕਲ੍ਹ ਦੇ ਰੋਗ, ਤੇ ਨਾ ਸਮਝ ਆਉਣ ਵਾਲੀਆਂ ਬੀਮਾਰੀਆਂ ਕਦੇ ਕਿਸੇ ਸੁਣੀਆਂ ਨਹੀਂ ਸਨ। ਕਣਕ ਤਾਂ ਮੋਤੀਆਂ ਤੁਲ ਹੁੰਦੀ ਸੀ। ਵਿਆਹਾਂ ਸ਼ਾਦੀਆਂ ਵਿਚ ਇਸ ਗੱਲ ਦੀ ਬੜੀ ਤਾਂਘ ਤੇ ਚਾਅ ਹੁੰਦਾ ਸੀ ਕਿ ਮੰਡਿਆਂ ਨਾਲ ਲੇਹੜਾਂਗੇ। ਕਣਕ ਦੀ ਰੋਟੀ ਤਾਂ ਕਿਸੇ ਵਡੇ ਭਾਗਾਂ ਵਾਲੇ ਨੂੰ ਹੀ ਮਿਲਦੀ ਸੀ। ਆਮ ਲੋਕ ਤਾਂ ਜਵਾਰ ਬਾਜਰੇ ਦਾ ਆਟਾ ਹੀ ਵਰਤਦੇ ਸਨ। ਇਸ ਸਮੇਂ ਇਸ ਇਲਾਕੇ (ਮਾਝੇ) ਦੀ ਅਤੇ ਨੀਲੀ, ਗੰਜੀ ਤੇ ਸਾਂਦਲ ਬਾਰ ਦੀ ਹਾਲਤ ਇਕ ਸਮਾਨ ਸੀ। ਫਰਕ ਸਿਰਫ਼ ਏਨਾ ਸੀ ਕਿ ਏਥੇ ਜੱਟ ਸਿਖ ਵਸਦੇ ਸਨ ਤੇ ਇਨ੍ਹਾਂ ਬਾਰਾਂ ਵਿਚ ਜਾਂਗਲੀ। ਅੱਜ ਜੋ ਰੌਣਕਾਂ ਵੇਖਣ ਵਿਚ ਆ ਰਹੀਆਂ ਹਨ ਤੇ ਅਨਾਜ ਦੀਆਂ ਲਹਿਰਾਂ ਬਹਿਰਾਂ ਲਗੀਆਂ ਹੋਈਆਂ ਹਨ, ਇਹ ਸਿਰਫ ਨਹਿਰਾਂ, ਟਿਊਬਵੈੱਲਾਂ, ਡੀਜ਼ਲ ਤੇ ਬਿਜਲੀ ਦੀਆਂ ਬਰਕਤਾਂ ਸਦਕਾ ਹੀ ਹਨ। ਇਹ ਨਾ ਹੋਣ ਤਾਂ ਗੱਲ ਫਿਰ ਕ੍ਰੀਰ ਦਿਆਂ ਡੇਲਿਆਂ ਤੇ ਹੀ ਆਣ ਟਿਕੇ।

**ਫ਼ੌਜ ਖਾਣ ਪੀਣ ਵਿਚ ਰੁਝ ਗਈ–**

ਉਨੀਂਦੇ ਨਾਲ ਉਂਗਲਾਠੇ, ਥਕੇ ਟੁਟੇ ਢਿਡੋਂ ਭੁਖੇ ਨੂੰ ਜੇ ਕੁਝ ਖਾਣ ਨੂੰ ਥੋੜਾ ਜਿਹਾ ਸਮਾਂ ਦਮ ਲੈਣ



www.AKJ.Org

ਨੂੰ ਮਿਲ ਜਾਵੇ, ਉਸਦੇ ਅਨੰਦ ਨੂੰ ਸਿਰਫ਼ ਉਹੋ ਹੀ ਮਾਣ ਸਕਦੈ। ਫੌਜ, ਜੋ ਹਮੇਸ਼ਾ ਢਿਡ ਦੇ ਆਸਰੇ ਤੁਰਦੀ ਹੈ, ਨੇ ਜਦ ਰਸਦ ਪਾਣੀ ਮਿਲਦਾ ਵੇਖਿਆ ਤਾਂ ਉਸ ਨੇ ਡੱਲ ਪਿੰਡ ਦੇ ਬਾਹਰ ਹੀ ਡੇਰਾ ਕਰ ਦਿਤਾ ਤੇ ਖਾਣ ਪੀਣ ਦੇ ਆਹਰ ਵਿਚ ਰੁਝ ਗਏ। ਸਾਰੇ ਨਿਹਾਰ ਪੇਟ ਹੀ ਸਨ ਤੇ ਹਰ ਕੋਈ ਚਾਹੁੰਦਾ ਸੀ ਕਿ ਮੈਂ ਡੰਗ ਦੇ ਸਿਰ ਤੇ ਹੋ ਜਾਵਾਂ। ਹਰ ਕੋਈ ਆਪਣੇ ਵਲ ਖਿਚ ਧੂਹ ਵਿਚ ਲੱਗਾ ਹੋਇਆ ਸੀ।

**ਇਕ ਤੁਰਕ ਸਵਾਰ ਦਾ ਸਨੇਹ—**

ਰੱਬ ਦਾ ਭੈ ਰੱਖਣ ਵਾਲਾ ਇਕ ਬੁਢਾ ਤੁਰਕ ਘੋੜ-ਸਵਾਰ ਇਸ ਆਪੋ ਧਾਪੀ ਦੇ ਸਮੇਂ ਅੱਖ ਬਚਾ ਕੇ ਇਕ ਪਾਸੇ ਨੂੰ ਖਿਸਕ ਤੁਰਿਆ ਤੇ ਘੋੜਾ ਭਜਾ ਕੇ ਤਾਰਾ ਸਿੰਘ ਦੇ ਵਾੜੇ ਪਾਸ ਆ ਗਿਆ ਤੇ ਤਾਰਾ ਸਿੰਘ ਨੂੰ ਆਖਿਆ ਕਿ ਸ਼ਾਹੀ ਫ਼ੌਜ ਤੁਹਾਡੇ ਤੇ ਚੜ੍ਹ ਕੇ ਆ ਗਈ ਹੈ ਤੇ ਐਸ ਵੇਲੇ ਡੱਲ ਪਿੰਡ ਅਟਕੀ ਹੋਈ ਹੈ ਤੇ ਖਾਣ ਪੀਣ ਵਿਚ ਰੁਝੀ ਹੋਈ ਹੈ। ਅਜੇ ਉਸਨੂੰ ਕੁਝ ਸਮਾਂ ਹੋਰ ਲੱਗ ਜਾਣਾ ਹੈ। ਤੁਹਾਡੇ ਪਾਸ ਸੋਹਣਾ ਮੌਕਿਆ ਹੈ। ਤੁਸੀਂ ਦਿਹਾੜੀ ਡੰਗ ਲਈ ਲਾਂਭੇ ਚਾਂਭੇ ਹੋ ਕੇ ਵੇਲਾ ਟਪਾ ਲਵੋ। ਅਸੀਂ ਜਦ ਏਥੇ ਆ ਕੇ ਵਾੜਾ ਖ਼ਾਲੀ ਵੇਖਿਆ ਤਾਂ ਆਪਣੇ ਆਪ ਹੀ ਲਾਹੌਰ ਨੂੰ ਵਾਪਸ ਮੁੜ ਜਾਣਾ ਹੈ। ਤੁਸੀਂ ਸਾਡੇ ਜਾਣ ਪਿਛੋਂ ਆਪਣਾ ਟਿਕਾਣਾ ਫਿਰ ਆਣ ਸਾਂਭਿਓ। ਕਿਸ ਤੁਹਾਨੂੰ ਰੋਕਣਾ ਹੈ। ਐਹੋ ਜਿਹੇ ਸੋਹਣੇ ਦਰਸ਼ਨੀ ਸ੍ਰੀਰ ਕਿਉਂ ਅਜਾਈਂ ਗੁਆਉਂਦੇ ਤੇ ਸਾਡੇ ਵਿਚੋਂ ਕਈਆਂ ਨੂੰ ਕਬਰੀਂ ਪਾਉਂਦੇ ਹੋ? ਆਪਣੀਆਂ ਜਾਨਾਂ ਬਚਾਉ ਤੇ ਸਾਡੇ ਤੇ ਵੀ ਰਹਿਮ ਕਰੋ। ਇੰਜ ਆਪਣਾ ਦੋਹੀਂ ਧਿਰੀਂ ਬਚਾਅ ਹੈ। ਵੇਖੋ ਮੇਰੀ ਮਿੰਨਤ ਮੰਨੋ।

ਜਿਸ ਸਮੇਂ ਇਹ ਵਾਰਤਾਲਾਪ ਹੋਈ, ਅਜੇ ਅਨ੍ਹੇਰਾ ਹੀ ਸੀ ਤੇ ਭਾਈ ਤਾਰਾ ਸਿੰਘ ਆਪਣੇ ਸਾਥੀ ਸਿੰਘਾਂ ਦੇ ਆਪਣੇ ਹਥੀਂ ਕੇਸੀ ਇਸ਼ਨਾਨ ਕਰਵਾ ਰਹੇ ਸਨ। ਸ਼ਹਾਦਤ ਲਈ ਤਿਆਰੀ ਵਿਚ ਸਾਰਿਆਂ ਨੂੰ ਚਾਅ ਚੜ੍ਹੇ ਹੋਏ ਸਨ। ਤਾਰਾ ਸਿੰਘ ਜੀ ਆਪਣੇ ਜ਼ਿੰਦਾ ਸ਼ਹੀਦ ਸਿੰਘ ਸਾਹਿਬਾਂ ਦੇ ਇਸ਼ਨਾਨ ਦੀ ਸੇਵਾ ਦੇ ਲਾਹੇ ਖਟ ਰਹੇ ਸਨ। ਇਹੋ ਜਿਹੀ ਸੇਵਾ ਵਡਿਆਂ ਭਾਗਾਂ ਨਾਲ ਮਿਲਦੀ ਹੈ।[3]

**ਉਸ ਸਮੇਂ ਮੁਗ਼ਲ ਫ਼ੌਜ ਦੀ ਹਾਲਤ—**

ਬੁਢੇ ਤੁਰਕ ਦੀਆਂ ਗੱਲਾਂ ਸੁਣ ਕੇ ਭਾਈ ਤਾਰਾ ਸਿੰਘ ਹੁਰਾਂ ਹਸਦਿਆਂ ਆਖਿਆ, "ਖਾਨ ਜੀ, ਤੁਸੀਂ ਮੌਤ ਤੋਂ ਨਾ ਡਰੋ, ਅਸੀਂ ਤੁਹਾਨੂੰ ਕਦਾਚਿਤ ਨਹੀਂ ਮਾਰਾਂਗੇ। ਅਸਾਂ ਤਾਂ ਸ਼ਹੀਦ ਹੋਣਾ ਹੀ ਹੈ, ਇਸ ਵਾੜੇ ਨੂੰ ਬਿਲਕੁਲ ਨਹੀਂ ਛਡ ਸਕਦੇ। ਤੁਸੀਂ ਨਿਸਚਿੰਤ ਹੋ ਕੇ ਵਾਪਸ ਚਲੇ ਜਾਵੋ। ਤੁਸੀਂ ਸਰਕਾਰੀ ਮੁਲਾਜ਼ਮ ਹੋ, ਬਾਲ ਬੱਚੇ ਵਾਲੇ ਹੋਵੋਗੇ ਤੇ ਤੁਹਾਡੀ ਰੋਜ਼ੀ ਦਾ ਸੁਆਲ ਹੈ। ਤੁਹਾਡੀ ਹਮਦਰਦੀ ਦਾ ਧੰਨਵਾਦ।"

ਗੱਲ ਸਪਸ਼ਟ ਹੈ। ਇਕੱਲਾ ਬੁੱਢਾ ਤੁਰਕ ਹੀ ਕੀ, ਸਾਰੇ ਤੁਰਕ ਹੀ ਸਿੰਘਾਂ ਤੋਂ ਡਰਦੇ ਸਨ ਤੇ ਖੁਲ੍ਹੇ ਮੈਦਾਨ ਵਿਚ ਸਿੰਘਾਂ ਨਾਲ ਟਕਰਾਉਣੋਂ ਝਿਜਕਦੇ ਸਨ। ਉਨ੍ਹਾਂ ਨੂੰ ਇਹ ਡਰ ਰਹਿੰਦਾ ਸੀ ਕਿ ਸਿੰਘਾਂ ਮੂਹਰੇ ਹੋ ਕੇ ਅਸੀਂ ਲਾਜ਼ਮੀ ਮਾਰੇ ਜਾਵਾਂਗੇ, ਇਸ ਲਈ ਲੜਾਈ ਵੇਲੇ ਇਨ੍ਹਾਂ ਤੋਂ ਕੁਝ ਵੀ ਨਹੀਂ ਸੀ ਬਣ ਪੈਂਦਾ। ਜਦ ਵੀ ਸਿੰਘਾਂ ਨੂੰ ਪਏ, ਰਾਤ ਹੀ ਛਾਪਾ ਮਾਰਿਆ ਤੇ ਦਿਨ ਦੀ ਝੜਪ ਤੋਂ ਬਚਦੇ ਹੀ ਰਹੇ। ਰਾਤ ਦੇ ਧਾਵਿਆਂ ਵਿਚ ਵੀ ਕੋਈ ਖਾਸ ਸਫਲਤਾ ਨਾ ਹੁੰਦੀ। ਬਹੁਤ ਵਾਰੀ ਸਿੰਘਾਂ ਨੂੰ ਵਿਚੋਂ ਹੀ ਸੂਹ ਮਿਲ ਜਾਂਦੀ ਤੇ ਉਹ ਲਾਂਭ ਚਾਂਭ ਹੋ ਜਾਂਦੇ। ਸਿਰਫ਼ ਵਿਸਰਭੋਲੇ ਹੀ ਕਦੇ ਕੋਈ ਕਾਬੂ ਆਉਂਦਾ। ਸਿੰਘ ਜ਼ਿਆਦਾ ਤਰ ਜੰਗਲਾਂ ਵਿਚ ਹੀ ਰਹਿੰਦੇ ਸਨ। ਜੰਗਲਾਂ ਵਿਚ ਵੜਨੋਂ ਫ਼ੌਜ ਡਰਦੀ। ਆਬਾਦੀ ਵਿਚ ਕਿਤੇ ਆਏ ਸਿੰਘਾਂ ਤੇ ਛਪੋਲ ਮਾਰ ਕੇ ਧਾਵਾ ਕਰਦੇ ਤੇ ਜੇ ਕੋਈ ਕਾਬੂ ਨਾ ਆਉਂਦਾ ਤਾਂ ਆਪਣੀ ਖਿਫਤ ਮਿਟਾਉਣ ਲਈ ਕੁਝ ਮਾਸੂਮਾਂ ਨੂੰ ਬੰਨ੍ਹ ਕੇ ਲੈ ਤੁਰਦੇ। ਮੈਦਾਨ ਖ਼ਾਲੀ ਵੇਖ ਕੇ ਲਾਹੌਰ ਮੁੜਨ ਦੀ ਕਰਦੇ। ਦਿਲੋਂ ਸਰਦਾਰ ਵੀ ਸਿੰਘਾਂ ਨਾਲ ਫਸ-ਫਸਾ ਤੋਂ ਬਚਣ ਦੇ ਹੀ ਖ਼ਾਹਿਸ਼ਮੰਦ ਹੁੰਦੇ।

ਮੋਮਨ ਖ਼ਾਨ ਐਡੀ ਵੱਡੀ ਤਾਕਤ ਪਾਸ ਹੁੰਦਿਆਂ ਛਪੋਲ ਮਾਰਨ ਨੂੰ ਹੀ ਚੰਗਾ ਸਮਝਦਾ ਹੈ। ਕੋਈ ਸੂਹ



www.AKJ.Org

ਨਹੀਂ ਕਿ ਅਗੇ ਸਿੰਘਾਂ ਦੀ ਗਿਣਤੀ ਕਿੰਨੀ ਕੁ ਹੈ। ਘਵਿੰਡ ਲਾਹੌਰੋਂ ਸਿਰਫ਼ ੩੨ ਕੁ ਕਿ: ਮੀ: ਦੀ ਵਿਥ ਤੇ ਹੈ ਤੇ ਉਸਨੂੰ ਘਵਿੰਡ ਅੱਪੜ ਕੇ ਵੀ ਪਤਾ ਨਹੀਂ ਲਗਦਾ ਕਿ ਉਹ ਕਿਹੜੇ ਪਿੰਡ ਆ ਗਿਆ ਹੈ। ਫਿਰ ਘਵਿੰਡ ਦਾ ਨੰਬਰਦਾਰ ਉਨ੍ਹਾਂ ਨੂੰ ਸੱਜੇ ਖੱਬੇ ਲਈ ਫਿਰਦਾ ਹੈ ਤੇ ਫੌਜ ਨੂੰ ਡੱਲ ਜਾ ਵਾੜਦਾ ਹੈ ਤੇ ਆਪ ਖਿਸਕ ਜਾਂਦਾ ਹੈ। ਮੋਮਨ ਖਾਨ ਨੂੰ ਅਜੇ ਵੀ ਪਤਾ ਨਹੀਂ ਲਗਾ ਕਿ ਉਹ 'ਵਾਂ'' ਤੋਂ ਕਿੰਨਾ ਪਿਛਾਂਹ ਫਿਰਦਾ ਹੈ। ਜਦ ਉਸ ਨੂੰ ਪਤਾ ਲਗਦਾ ਹੈ ਕਿ ਤਾਰਾ ਸਿੰਘ ਦਾ ਠਿਕਾਣਾ ਇਸ ਤੋਂ ਅਜੇ ਸਾਢੇ ਚਾਰ ਕਿ: ਮੀ: ਅੱਗੇ ਹੈ ਤਾਂ ਉਧਰ ਨੂੰ ਧਾਵਾ ਕਰਨ ਦੀ ਥਾਂ ਦੁਧ ਦਹੀਂ ਖਾਣ ਪੀਣ ਵਿਚ ਫੌਜ ਨੂੰ ਰੁਝਾ ਦੇਂਦਾ ਹੈ, ਜਦ ਕਿ ਇਹ ਸਮਾਂ ਦੁਸ਼ਮਣ ਉਤੇ ਪੈਣ ਦਾ ਹੈ। ਇਸ ਫੌਜ ਦਾ ਹੀ ਇਕ ਤੁਰਕ ਸਿਪਾਹੀ ਭਾਈ ਤਾਰਾ ਸਿੰਘ ਨੂੰ ਫੌਜ ਦੇ ਆਉਣ ਦੀ ਖ਼ਬਰ ਦੇਂਦਾ ਹੈ ਤੇ ਕਹਿੰਦਾ ਹੈ ਕਿ ਤੁਸੀਂ ਆਪਣੇ ਬਚਾਅ ਲਈ ਏਥੋਂ ਖਿਸਕ ਜਾਵੋ। ਅਸਲ ਵਿਚ ਉਹ ਆਪਣਾ ਹੀ ਬਚਾਅ ਕਰਨਾ ਚਾਹੁੰਦਾ ਹੈ।

ਕਿਡੀ ਹੈਰਾਨੀ ਦੀ ਗੱਲ ਹੈ ਕਿ ਮੋਮਨ ਖ਼ਾਨ ਵਰਗੇ ਤਜਰਬਾਕਾਰ ਜਰਨੈਲ ਨੂੰ ਲਾਹੌਰ ਦੇ ੩੨ ਕਿ: ਮੀ: ਤਕ ਦੇ ਚੌਗਿਰਦੇ ਦੀ ਵੀ ਵਾਕਫ਼ੀ ਨਹੀਂ। ਅਸਲੀਅਤ ਇਹ ਹੈ ਕਿ ਦਰਬਾਰ ਵਿਚ ਬੈਠ ਕੇ ਤਾਂ ਸ਼ੇਖੀਆਂ ਮਾਰ ਲੈਂਦੇ ਹਨ, ਪਰ ਆਪ ਖੁਲ੍ਹੇ ਆਮ ਆਪਣੇ ਇਲਾਕੇ ਦੀ ਗਸ਼ਤ ਨਹੀਂ ਸਨ ਕਰਦੇ। ਹੱਡ-ਹਰਾਮੀ ਹੋ ਚੁਕੇ ਸਨ ਤੇ ਆਪਣੇ ਮਾਲਕ ਦੇ ਪੂਰੇ ਵਫ਼ਾਦਾਰ ਨਹੀਂ ਸਨ। ਪਿੰਡਾਂ ਵਿਚ ਪੂਰੀ ਬਦ-ਅਮਨੀ ਫੈਲੀ ਹੋਈ ਸੀ। ਪਿੰਡਾਂ ਦੇ ਲੋਕ ਉਤੋਂ ਉਤੋਂ ਭਾਵੇਂ ਕੁਝ ਕਹਿਣ, ਵਿਚੋਂ ਸਿੰਘਾਂ ਨਾਲ ਹਮਦਰਦੀ ਰਖਦੇ ਸਨ। ਇਕ ਨੰਬਰਦਾਰ ਫੌਜ ਔਝੜੇ ਪਾ ਕੇ ਸਿੰਘਾਂ ਨੂੰ ਖ਼ਬਰਦਾਰ ਕਰ ਕੇ ਬਚ ਨਿਕਲਣ ਲਈ ਰਸਤਾ ਸਾਫ ਕਰ ਦੇਂਦਾ ਹੈ ਤੇ ਦੂਸਰਾ ਦਹੀਂ ਦੁੱਧ ਤੇ ਆਟਾ ਦੇ ਕੇ ਫੌਜ ਨੂੰ ਆਪਣੇ ਨਿਸ਼ਾਨੇ ਤੇ ਪੁਜਣ ਵਿਚ ਰੋਕ ਪਾ ਦੇਂਦਾ ਹੈ। ਫੌਜ ਵਿਚ ਹਜ਼ੂਰਾ ਸਿੰਘ ਵਾਂਗ ਕਈ ਮੁਕਾਮੀ ਮੁਸਲਮਾਨ ਸੈਨਿਕ ਵੀ ਹੋਣਗੇ, ਜਿਨ੍ਹਾਂ ਨੂੰ ਇਸ ਇਲਾਕੇ ਦੀ ਪੂਰੀ ਵਾਕਫੀ ਹੋਵੇਗੀ, ਪਰ ਕੋਈ ਸੂਹੀਆ ਬਣਨ ਨੂੰ ਤਿਆਰ ਨਹੀਂ ਹੋਇਆ। ਬੁਲਾਕੀ ਆਪਣੇ ਬੰਦੇ ਖੜੇ ਕਰਦਾ ਹੈ ਤੇ ਕਹਿੰਦਾ ਹੈ, ਜੇ ਕੋਈ ਸਵਾਰ ਵਾਧਾ ਕਰੇ ਤਾਂ ਬੇਸ਼ਕ ਭੁਗਤ ਸੁਆਰ ਦੇਣੀ। ਉਸ ਨੂੰ ਮਾਨੋ ਸ਼ਾਹੀ ਫ਼ੌਜ ਦਾ ਡਰ ਹੀ ਕੋਈ ਨਹੀਂ। ਭਾਵੇਂ ਉਤਲੀਆਂ ਤੇ ਹੇਠਲੀਆਂ ਮਾਰ ਕੇ ਮੋਮਨ ਖਾਨ ਨੂੰ ਤਸੱਲੀ ਦਿਵਾਉਂਦਾ ਹੈ ਕਿ ਅਸੀਂ ਤੁਹਾਡੀ ਪਰਜਾ ਹਾਂ। ਲੋਕੀ ਸਰਕਾਰ ਨਾਲੋਂ ਸਿੰਘਾਂ ਦਾ ਡਰ ਜ਼ਿਆਦਾ ਮੰਨਦੇ ਸਨ। ਫਿਰ ਇਹ ਲੋਕ ਹੀ ਸਨ, ਜੋ ਉਨ੍ਹਾਂ ਨੂੰ ਪਲ ਪਲ ਦੀਆਂ ਖਬਰਾਂ ਲਿਆ ਕੇ ਦੇਂਦੇ ਸਨ। ਇਹ ਸਿਰਫ ਇਸ ਕਰਕੇ ਕਿ ਲੋਕ ਸਰਕਾਰ ਤੋਂ ਦੁਖੀ ਸਨ ਤੇ ਜੋ ਸਰਕਾਰ ਨੂੰ ਦੁਖੀ ਕਰਨ ਵਾਲੇ ਸਨ, ਉਨ੍ਹਾਂ ਨਾਲ ਹਮਦਰਦੀ ਕਰਦੇ ਸਨ ਤੇ ਬਣੀ ਸਰੀ ਸਹਾਇਤਾ ਵੀ ਕਰਦੇ ਰਹਿੰਦੇ। ਸਰਕਾਰੀ ਬਾਗ਼ੀਆਂ ਦੀ ਕੌਣ ਮਦਦ ਕਰਦਾ ਹੈ, ਜੇ ਉਨ੍ਹਾਂ ਵਿਚ ਕੋਈ ਗੁਣ ਜਾਂ ਖ਼ੂਬੀ ਨਾ ਹੋਵੇ।

[ਚਲਦਾ

## ਟੂਕਾਂ ਹਵਾਲੇ ਸ਼ਹੀਦ ਭਾਈ ਤਾਰਾ ਸਿੰਘ ਜੀ 'ਵਾਂ' ਕਿਸ਼ਤ [੬]

(੧) ਮਾਲਵਾ : ਹਿੰਦੁਸਤਾਨ ਦੇ ਇਤਿਹਾਸ ਵਿਚ ਮਾਲਵਾ ਉਸ ਇਲਾਕੇ ਨੂੰ ਕਿਹਾ ਜਾਂਦਾ ਹੈ ਜੋ ਅਜੋਕੇ ਮਧ ਭਾਰਤ ਦਾ ਹਿੱਸਾ ਹੈ ਤੇ ਵਿੰਧੀਆ ਚਲ ਪਹਾੜ ਦੀ ਉਤਰੀ ਹਦ ਤਕ ਫੈਲਿਆ ਹੋਇਆ ਹੈ।

ਪੁਰਾਣੇ ਪੰਜਾਬ ਦਾ ਫ਼ਿਰੋਜ਼ਪੁਰ, ਲੁਧਿਆਣਾ, ਪਟਿਆਲਾ, ਨਾਭਾ, ਜੀਂਦ, ਫਰੀਦਕੋਟ, ਬਠਿੰਡਾ, ਸੰਗਰੂਰ ਦਾ ਮਾਰੂ ਇਲਾਕਾ, ਜਿਸ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਵਰਦਾਨ ਨਾਲ ਸਰਸਬਜ਼ ਤੇ ਮਾਲਦਾਰ ਕੀਤਾ ਅਤੇ ਜੰਗਲ ਤੋਂ ਮਾਲਵਾ ਨਾਮ ਰਖਿਆ। ਭਾਈ ਕਾਹਨ ਸਿੰਘ ਜੀ ਨਾਭਾ ਆਪਣੇ ਰਚਿਤ ਗ੍ਰੰਥ ਮਹਾਨ ਕੋਸ਼ ਵਿਚ "ਮਾਲਵੇ" ਦੇ ਪ੍ਰਕਰਣ ਵਿਚ ਜ਼ਿਕਰ ਕਰਦੇ ਹੋਏ ਲਿਖਦੇ ਹਨ :

ਇਤਿਹਾਸਾਂ ਵਿਚ ਕਥਾ ਹੈ ਕਿ ਜਦ ਦਸਮੇਸ਼ ਜੀ ਦਮਦਮੇ ਵਿਰਾਜ ਰਹੇ ਸਨ, ਤਦ ਇਕ ਦਿਨ ਉੱਚੇ ਟਿੱਬੇ ਪੁਰ ਖੜੇ ਹੋ ਕੇ ਫਰਮਾਉਣ ਲੱਗੇ ਕਿ—ਅਹੋ! ਕੇਹੀ ਸੁੰਦਰ ਨਹਿਰ ਚਲ ਰਹੀ ਹੈ, ਕੈਸੇ ਮਨੋਹਰ ਅੰਬ ਫਲੇ ਹਨ, ਕੇਹੀ ਉਤਮ ਕਣਕ ਖੜੀ ਹੈ! ਇਸ ਪੁਰ ਡੱਲੇ ਨੇ ਕਿਹਾ, ਮਹਾਰਾਜ! ਆਪ ਨੂੰ ਭੁਲੇਖਾ



www.AKJ.Org

ਲੱਗਾ ਹੈ, ਏਥੇ ਇਹ ਵਸਤਾਂ ਕਿਥੇ ? ਸੂਰਜ ਦੀ ਚਮਕ ਨਾਲ ਰੇਤਾ ਨਹਿਰ ਭਾਸਦਾ ਹੈ, ਅੱਕ ਅੰਬ ਪ੍ਰਤੀਤ ਹੁੰਦੇ ਹਨ, ਅਰ ਕਾਹੀ ਘਾਹ ਕਣਕ ਜੇਹਾ ਦਿਖਾਈ ਦਿੰਦਾ ਹੈ। ਦਸਮੇਸ਼ ਜੀ ਨੇ ਬਚਨ ਕੀਤਾ, ਓ ਡੱਲਾ ਝੱਲਾ ! ਤੂ ਨਹੀਂ ਜਾਣਦਾ ਕਿ ਮੈਂ ਇਸ ਮੁਲਕ ਨੂੰ "ਮਾਲਵਾ" ਬਣਾ ਦਿਤਾ ਹੈ ਅਰ ਸਭ ਪਦਾਰਥ ਇਸ ਦੇਸ਼ ਨੂੰ ਬਖਸ਼ੇ ਹਨ। ਇਹ ਉਸ ਵੇਲੇ ਦੀ ਕਥਾ ਹੈ ਜਦ ਕਿਸੇ ਨੂੰ ਨਹਿਰਾਂ ਕਢਣ ਦਾ ਸੁਪਨਾ ਭੀ ਨਹੀਂ ਸੀ। ਅੱਜ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਪੇਸ਼ੀਨਗੋਈ ਪੂਰੀ ਹੋਈ ਦੇਖ ਕੇ ਮਾਲਵਾ ਵਾਸੀ ਪਰਮ-ਕ੍ਰਿਤਗਯ ਅਤੇ ਅਚਰਜ ਹੋ ਰਹੇ ਹਨ।

(੨) ਘਵਿੰਡ-ਡੱਲ—"ਵਾਂ" ਉੱਤਰ-ਦਖਣ ਇਕ ਪਾਲ ਵਿਚ ਹਨ। ਡੱਲ ਵਿਚਕਾਰ ਹੈ ਤੇ "ਵਾਂ" ਦਖਣ ਵਿਚ ਬਿਲਕੁਲ ਥਲੇ। ਘਵਿੰਡੋਂ ਡੱਲ ਪੰਜ ਕਿ: ਮੀ: ਤੇ ਡੱਲੋਂ ਵਾਂ ਸਾਢੇ ਚਾਰ ਕਿ: ਮੀ:। ਘਵਿੰਡ ਹੁਣ ਪਾਕਿਸਤਾਨ ਵਿਚ ਹੈ। ਇਸ ਨੂੰ ਥਾਣਾ ਬਰਕੀ ਜ਼ਿਲਾ ਲਾਹੌਰ ਲਗਦਾ ਹੈ।

(੩) ਸੇਵਾ ਦੀ ਸਿਖੀ ਵਿਚ ਬਹੁਤ ਮਹਾਨਤਾ ਹੈ—"ਵਿਚਿ ਦੁਨੀਆ ਸੇਵ ਕਮਾਈਐ ॥ ਤਾ ਦਰਗਹ ਬੈਸਣੁ ਪਾਈਐ ॥" (ਪੰਨਾ ੨੬) ਦਾ ਮਹਾਂਵਾਕ ਇਸ ਮਹਾਨਤਾ ਦਾ ਲਖਾਇਕ ਹੈ। ਇਸ ਘਰੋਂ ਜਿਸ ਨੇ ਪਾਈ, ਸੋ ਸੇਵਾ ਤੋਂ ਪਾਈ। ਧੰਨ ਸਨ ਉਹ ਸਿਦਕੀ ਸਿੰਘ, ਜੋ ਨਿਰੇ ਤੇਗਾਂ ਤੇ ਮਾਲਾ ਦੇ ਹੀ ਧਨੀ ਨਹੀਂ ਸਨ, ਸਗੋਂ ਨਾਲ ਸੇਵਾ ਦੇ ਵੀ ਪੁੰਜ ਸਨ। ਇਸ ਸਮੇਂ ਦੇ ਜਥੇਦਾਰਾਂ ਤੇ ਅੱਜ ਦਿਆਂ ਅਖੌਤੀ ਜਥੇਦਾਰਾਂ ਵਿਚ ਕਿੰਨਾ ਫ਼ਰਕ ਪੈ ਗਿਆ ਹੈ, ਵੇਖ ਵੇਖ ਅਕਲ ਦੰਗ ਰਹਿ ਜਾਂਦੀ ਹੈ। "ਪਖਾ ਫੇਰੀ ਪਾਣੀ ਢੋਵਾ ਹਰਿ ਜਨ ਕੈ ਪੀਸਣੁ ਪੀਸਿ ਕਮਾਵਾਂ ॥" (ਪੰਨਾ ੭੪੯)। ਸਿੰਘਾਂ ਦੀ, ਚਾਹੇ ਕੋਈ ਜਥੇਦਾਰ ਹੋਵੇ ਜਾਂ ਸਾਧਾਰਨ ਸਿੰਘ, ਇਹ ਮਨੋ-ਕਾਮਨਾ ਹੁੰਦੀ ਸੀ ਕਿ ਗੁਰੂ ਘਰ ਦੇ ਘੋੜਿਆਂ ਦੇ ਅਸਤਬਲ ਵਿਚ ਭੌੜੇ ਨਾਲ ਸਫ਼ਾਈ ਦੀ ਸੇਵਾ, ਲੰਗਰ ਵਾਸਤੇ ਮੈਦਾ ਪੀਸਣ ਲਈ ਚੱਕੀ ਪੀਹਣ ਦੀ ਸੇਵਾ, ਲੰਗਰ ਲਈ ਬਾਲਣ ਢੋਣਾ ਪਾੜਨਾ, ਲੰਗਰ ਵਿਚ ਚੁਲ੍ਹ ਝੋਕਣਾ, ਲੰਗਰ ਤਿਆਰ ਕਰਨਾ, ਵਰਤਾਉਣਾ, ਭਾਂਡੇ ਮਾਂਜਣੇ, ਸਿੰਘਾਂ ਨੂੰ ਇਸ਼ਨਾਨ ਕਰਾਉਣਾ, ਥੱਕਿਆਂ ਸਿੰਘਾਂ ਨੂੰ ਰੁਗੇ ਛਕਾਉਣੇ (ਮੁਠੀ ਚਾਪੀ ਕਰਨੀ), ਸ੍ਰੀਰ ਕੁਝ ਚਿਰ ਲਈ ਮਸਤਾਨਾ ਹੋ ਜਾਵੇ ਤਾਂ ਉਨ੍ਹਾਂ ਸਿੰਘਾਂ ਦੀ ਟਹਿਲ ਕਰਨੀ, ਬਸਤਰ ਆਦਿ ਸਾਫ ਕਰਨਾ, ਮੁਕਦੀ ਗੱਲ, ਹਰ ਪ੍ਰਕਾਰ ਦੀ ਸੇਵਾ ਨੂੰ ਸਿੰਘ ਖੁਸ਼ਨਸੀਬੀ ਸਮਝਦੇ ਸਨ। ਨਵਾਬ ਕਪੂਰ ਸਿੰਘ ਨੇ ਨਵਾਬੀ ਸਵੀਕਾਰ ਕਰਨ ਵੇਲੇ ਬੇਨਤੀ ਕੀਤੀ ਸੀ ਕਿ ਖਾਲਸੇ ਦੇ ਚਰਨਾਂ ਨਾਲ ਛੁਹਾ ਕੇ ਪਵਿੱਤਰ ਕੀਤੀ ਹੋਈ ਤੇ ਖਾਲਸੇ ਵਲੋਂ ਬਖਸ਼ੀ ਹੋਈ ਨਵਾਬੀ ਦਾਸ ਸਿਰ-ਮੱਥੇ ਕਬੂਲਦਾ ਹੈ, ਪਰ ਦਾਸ ਦੀ ਇਹ ਜੋਦੜੀ ਪ੍ਰਵਾਨ ਕੀਤੀ ਜਾਵੇ ਕਿ ਲੰਗਰ ਦੀ, ਪੱਖੇ ਦੀ, ਘੋੜਿਆਂ ਦੇ ਘਾਹ ਪੱਠੇ ਦੀ ਤੇ ਅਸਤਬਲ ਵਿਚ ਭੌੜੇ ਨਾਲ ਸਫਾਈ ਕਰਨ ਦੀ ਸੇਵਾ ਦਾ ਹੱਕ ਮੈਨੂੰ ਪਹਿਲਾਂ ਵਾਂਗ ਹੀ ਬਹਾਲ ਰਖਿਆ ਜਾਵੇ। ਸ: ਜੱਸਾ ਸਿੰਘ ਆਹਲੂਵਾਲੀਆ ਹਥੀਂ ਘੋੜਿਆਂ ਲਈ ਦਾਣਾ ਆਦਿ ਵੰਡਿਆ ਕਰਦੇ ਸਨ ਤੇ ਆਲ੍ਹਾ ਦਰਜੇ ਦੇ ਕੀਰਤਨੀਏ ਵੀ ਸਨ।

ਜੱਸਾ ਸਿੰਘ ਰਾਮਗੜ੍ਹੀਆ, ਸੁਖਾ ਸਿੰਘ ਮਾੜੀ ਕੰਬੋਕੀ, ਬਾਬਾ ਦੀਪ ਸਿੰਘ ਜੀ ਸ਼ਹੀਦ, ਸ਼ਾਮ ਸਿੰਘ ਕ੍ਰੋੜਾ-ਸਿੰਘੀਆ, ਚੜ੍ਹਤ ਸਿੰਘ ਤੇ ਹਰੀ ਸਿੰਘ ਭੰਗੀ ਆਦਿ ਪੰਥ ਦੇ ਮਹਾਨ ਜੱਥੇਦਾਰ ਸਾਰੇ ਸੇਵਾ ਦੇ ਪੁੰਜ ਸਨ। ਪਰ ਜਦ ਮੈਦਾਨਾਂ ਵਿਚ ਨਿਤਰਦੇ ਤਾਂ ਮਲਕਅਲ-ਮੌਤ ਬਣ ਕੇ ਦੁਸ਼ਮਣਾਂ ਲਈ ਦੋਜ਼ਖ਼ ਦੇ ਦਰਵਾਜ਼ੇ ਖੋਲ੍ਹ ਦੇਂਦੇ। ਸੇਵਾ ਕਰਨ ਵਾਲਾ ਹੀ ਬਹਾਦਰ ਤੇ ਧਰਮ-ਬੀਰ ਹੋ ਸਕਦੇ, ਆਪਣੀ ਸੇਵਾ ਕਰਾਉਣ ਵਾਲਾ ਕਦੇ ਨਹੀਂ।

## *ਇਸ ਸੰਬੰਧ ਵਿਚ ਇਕ ਅੱਖੀਂ ਡ੍ਰਿੱਠਾ ਭਿਆਨਕ ਦ੍ਰਿਸ਼—*

ਦੋ ਕੁ ਸਾਲ ਪਹਿਲਾਂ ਦੀ ਗੱਲ ਹੈ ਕਿ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਦੀਵਾਲੀ ਦੇ ਸਮੇਂ ਪੁਜੇ ਹੋਏ ਅੱਜ ਕਲ੍ਹ ਦੇ ਇਕ ਅਖੌਤੀ ਜਥੇਦਾਰ ਦੇ ਬੜੇ ਨੇੜਿਉਂ ਹੋ ਕੇ ਦਰਸ਼ਨ ਕਰਨ ਦਾ ਸਮਾਂ ਮਿਲਿਆ। ਇਸ ਨੇ ਕਾਫ਼ੀ ਫੂ-ਫੜੱਕਾ ਰਚਿਆ ਹੈ ਤੇ ਆਪਣੇ ਪਰਪੰਚ ਦੀ ਸੋਹਣੀ ਦੁਕਾਨ ਚਲਾਈ ਹੋਈ ਹੈ। ਮੈਂ ਤਾਂ ਸਮਝਦਾ ਸਾਂ (ਜਦ ਤਕ ਇਨ੍ਹੂੰ ਮੈਂ ਵੇਖਿਆ ਨਹੀਂ ਸੀ) ਕਿ ਜਿਨ੍ਹਾਂ ਦਾ ਇਹ ਨਾਮ-ਲੇਵਾ ਬਣਿਆ ਹੋਇਆ ਹੈ, ਉਨ੍ਹਾਂ ਵਾਲੇ ਕੁਝ ਨਾ ਕੁਝ ਰੰਚ



www.AKJ.Org

ਮਾਤ੍ਰ ਜੌਹਰ ਇਸ ਵਿਚ ਵੀ ਹੋਣਗੇ ; ਪਰ ਵੇਖਣ ਤੇ ਬੜੀ ਮਾਯੂਸੀ ਹੋਈ। ਇਹ ਬੜੇ ਠੱਸੇ ਨਾਲ ਸੇਵਾ ਭਾਵ ਦੀ ਮਿੱਟੀ ਪਲੀਤ ਕਰ ਰਿਹਾ ਸੀ। ਵੇਖ ਕੇ ਮੇਰੇ ਰੌਂਗਟੇ ਖੜ੍ਹੇ ਹੋ ਗਏ। ਇਸ ਦਾ ਕੱਚਾ ਪਿਲਾ ਜਿਹਾ ਸ੍ਰੀਰ, ਜਿਸ ਨੂੰ ਮੈਲੇ ਦਾ ਬੋਰਾ ਕਹਿਣਾ ਚਾਹੀਦਾ ਹੈ, ਕਵਿੰਟਲ ਨੂੰ ਸ਼ਰਮਾ ਰਿਹਾ ਸੀ। ਇਹ ਇਕ ਕੁਰਸੀ ਤੇ ਬੈਠਾ ਸੀ ਤੇ ਮੋਟਿਆਂ ਮੋਟਿਆਂ ਕੇਲਿਆਂ ਵਰਗੀਆਂ ਪਿਲਪਿਲੀਆਂ ਜਿਹੀਆਂ ਲੱਤਾਂ ਤੇ ਸੁਜੇ ਫੁਲੇ ਜਿਹੇ ਪੈਰ. ਜਿਵੇਂ ਮਰਨ ਤੋਂ ਪਹਿਲਾਂ ਸੋਜਾਂ ਪੈ ਕੇ ਰੋਗੀ ਦੇ ਹੋ ਜਾਂਦੇ ਹਨ, ਦੋ ਸ਼ਰਧਾਲੂ ਸੇਵਕ ਸਿੰਘ ਵੱਡੇ ਸਾਰੇ ਬਾਲਟੇ ਵਿਚ ਰਖ ਕੇ ਗਰਮ ਪਾਣੀ ਤੇ ਸਾਬਣ ਨਾਲ ਧੋ ਰਹੇ ਸਨ। ਇਕ ਸੇਵਾ ਕਰਨ ਵਾਲਾ ਦੂਹੋ ਦੂਹੀ ਪਿਛਲੇ ਪਾਸੇ ਖੜਾ ਪੱਖੀ ਝਲ ਰਿਹਾ ਸੀ। ਰੁਤ ਭਾਵੇਂ ਠੰਡੀ ਸੀ, ਪਰ ਇਹ ਝਲ ਜਥੇਦਾਰ ਦੀ ਹਉਮੈ ਨੂੰ ਪਠੇ ਪਾਉਣ ਲਈ ਹੀ ਮਾਰੀ ਜਾ ਰਹੀ ਸੀ। ਇਕ ਲਾਗੇ ਵੱਡਾ ਸਾਰਾ ਤੌਲੀਆ ਲਈ ਖੜਾ ਸੀ। ਕਾਫ਼ੀ ਥਾਂ ਅੰਦਰ ਲੇ ਕੇ ਉਦਾਲੇ ਰੱਸੇ ਬੱਧੇ ਸਨ ਤੇ ਸ਼ਰਧਾਲੂ ਸਿਖ ਰਸਿਓਂ ਬਾਹਰ ਖੜੇ ਇਸ "ਮਹਾਨ" ਜਥੇਦਾਰ ਦੀ ਹੋ ਰਹੀ ਸੇਵਾ ਦਾ ਤਮਾਸ਼ਾ ਵੇਖ ਰਹੇ ਸਨ। ਮੈਨੂੰ ਵੀ ਇਨ੍ਹਾਂ ਵਿਚ ਹੀ ਖਲੋਣ ਦਾ ਸੁਭਾਗ ਪ੍ਰਾਪਤ ਹੋਇਆ ਸੀ। ਕੁਰਸੀ ਉਤੇ ਫਸੇ ਬੈਠੇ "ਸਿੰਘ ਜੀ" ਇੰਜ ਤੱਕ ਰਹੇ ਸਨ ਕਿ ਮਾਨੋ ਕ੍ਰੋੜਾਂ ਦਾ ਹੀ ਆਗੂ ਹੈ। ਇਸ ਦੇ ਠੇਕੀ ਜਿਡੇ ਚੋਲੇ ਉਤੋਂ ਦੀ ਕਮਰਕੱਸਾ ਬੱਧਾ ਸੀ। ਰਿਵਾਲਵਰ, ਜਮਧਾਰ ਤੇ ਵੱਡੀ ਕ੍ਰਿਪਾਨ ਗਾਤਰੇ ਸੀ। ਸਾਹ ਲੈਂਦੇ ਨੂੰ ਵੇਖ ਕੇ ਪਤਾ ਲਗਦਾ ਸੀ ਕਿ ਹਿਲਣ ਜੁਲਣ ਤੋਂ ਅਸਮਰਥ ਹੈ।

ਸ਼ਰਧਾਲੂਆਂ ਦਿਆਂ ਬਚਨਾਂ ਤੋਂ ਬੜੀ ਡਾਢੀ ਜਾਣਕਾਰੀ ਮਿਲੀ ਕਿ ਸਿੰਘਾਂ ਦੀ ਸਹਾਇਤਾ ਤੋਂ ਬਿਨਾਂ ਆਪਣੀਆਂ ਰੋਜ਼ ਦੀਆਂ ਕਿਰਿਆਵਾਂ ਵੀ ਨਹੀਂ ਸੋਧ ਸਕਦੇ। ਥਲਿਓਂ ਛਾਲ ਮਾਰ ਕੇ ਘੋੜੇ ਉਤੇ ਚੜ੍ਹਨਾ ਤਾਂ ਇਕ ਪਾਸੇ, ਕਾਰ ਵਿਚ ਤੇ ਦੂਜਿਆਂ ਦੀ ਸਹਾਇਤਾ ਤੋਂ ਬਿਨਾਂ ਚੜ੍ਹ ਉੱਤਰ ਨਹੀਂ ਸਕਦੇ। ਪਤਾ ਲੱਗਾ ਕਿ ਅਫ਼ੀਮ ਤੇ ਭੰਗ ਆਪਣੇ ਪਿਛ-ਲੱਗਾਂ ਵਿਚ ਖੁਲ੍ਹੇ ਹਥੀਂ ਵੰਡਦੇ ਹਨ। ਮਦਰਾ ਦੇ ਗਫ਼ੇ ਵੀ ਬੇਓੜਕੇ ਵੰਡੇ ਜਾਂਦੇ ਹਨ। ਇੰਜ ਜਾਪਦਾ ਸੀ ਕਿ ਸਾਰਾ ਲਾਣਾ ਬਾਣਾ ਅਮਲੀਆਂ, ਪੋਸਤੀਆਂ, ਭੰਗੜਾਂ ਤੇ ਸ਼ਰਾਬੀਆਂ ਦਾ ਹੈ। ਵਡਾ ਸਾਰਾ ਦੁਮਾਲਾ ਤੇ ਫਰਲਾ ਸਭ ਵਿਖਾਵੇ ਦਾ ਹੀ ਪਰਪੰਚ ਰਚਿਆ ਹੈ। ਮਾਇਆ ਦੇ ਭੰਡਾਰ ਕਈ ਪਜ ਬਣਾ ਕੇ ਇਕੱਠੇ ਕੀਤੇ ਜਾ ਰਹੇ ਸਨ। ਇਸ ਸੰਬੰਧ ਵਿਚ ਕਈ ਏਜੰਸੀਆਂ ਕੰਮ ਕਰ ਰਹੀਆਂ ਸਨ। ਆਪਣੇ ਪਖੰਡ ਦੇ ਜਾਲ ਵਿਚ ਫਸਾ ਕੇ ਭੋਲੇ ਭਾਲੇ ਲੋਕਾਂ ਨੂੰ, ਜੋ ਸਹੀ ਸੇਧ ਮਿਲਣ ਤੇ ਬੜੇ ਖਾੜਕੂ ਸੂਰਮੇ ਬਣ ਸਕਦੇ ਹਨ, ਮਾਨਸਿਕ ਪਖੋਂ ਤਬਾਹ ਕੀਤਾ ਜਾ ਰਿਹਾ ਹੈ। ਕਿਥੇ ਜੱਸਾ ਸਿੰਘ ਆਹਲੂਵਾਲੀਆ, ਜੱਸਾ ਸਿੰਘ ਰਾਮਗੜ੍ਹੀਆ, ਚੜ੍ਹਤ ਸਿੰਘ ਸ਼ੁਕਰਚਕੀਆ, ਸੁਖਾ ਸਿੰਘ ਮਾੜੀ ਕੰਬੋਕੀ, ਮਹਿਤਾਬ ਸਿੰਘ, ਤਾਰਾ ਸਿੰਘ ਗਾਇਬਾ ਤੇ ਹਰੀ ਸਿੰਘ ਭੰਗੀ ਜਿਨ੍ਹਾਂ ਜ਼ਕਰੀਆ ਖਾਨ, ਨਾਦਰ ਸ਼ਾਹ, ਅਹਿਮਦ ਸ਼ਾਹ ਅਬਦਾਲੀ ਤੇ ਜ਼ੈਨ ਖਾਨ ਸਰਹੰਦੀਏ ਦੀ ਤੋਬਾ ਤੋਬ ਕਰਾ ਛਡੀ ਤੇ ਮੈਦਾਨਾਂ ਵਿਚ ਜਰਵਾਣਿਆਂ ਨੂੰ ਰੋਲ ਰੋਲ ਕੇ ਮਾਰ ਛਡਿਆ ਤੇ ਕਿਥੇ ਅੱਜ ਦੇ ਇਹ ਜਥੇਦਾਰ ਸਾਹਿਬ, ਨਿਰੇ ਦਲਿੱਦਰ ਦੀ ਪੰਡ। ਸਿੰਘ ਇਹੋ ਜਿਹੇ ਨਿਕਾਰਿਆਂ ਨੂੰ ਇਸ ਲਈ ਮੁੱਠੀਆਂ ਭਰਦੇ ਹਨ ਕਿ ਵਾਈ ਤੇ ਮੁਟਾਪੇ ਨਾਲ ਮਾਰੇ ਰੋਗੀ ਸ੍ਰੀਰ ਬੈਠੇ ਬੈਠੇ ਥਕ ਜਾਂਦੇ ਹਨ। ਇਨ੍ਹਾਂ ਆਪ ਸੰਗਤਾਂ ਨੂੰ ਤਾਂ ਕੀ ਪੱਖੇ ਝਲਣੇ ਹਨ, ਸਗੋਂ ਆਪਣੇ ਲਾਅਨਤੀ ਵਜੂਦਾਂ ਨੂੰ ਪੱਖੇ ਝੁਲਾਉਂਦੇ ਹਨ ਤੇ ਪੈਰ ਧੁਆਉਂਦੇ ਹਨ। ਇਨ੍ਹਾਂ ਘੋੜਿਆਂ ਦਿਆਂ ਤਬੇਲਿਆਂ ਵਿਚ ਜਾ ਕੇ ਕੀ ਸਫ਼ਾਈ ਕਰਨੀ ਹੈ, ਇਹ ਤਾਂ ਜੰਗਲ ਪਾਣੀ ਜਾਣ ਸਮੇਂ ਸਹਾਇਤਾ ਤੋਂ ਬਿਨਾਂ ਆਪਣੀ ਸਫ਼ਾਈ ਨਹੀਂ ਕਰ ਸਕਦੇ। ਇਹੋ ਜਿਹੇ ਹੈਂਕੜਬਾਜ਼ਾਂ ਦੀ ਅਗਵਾਈ ਵਿਚ ਤੁਰਨ ਵਾਲਿਆਂ ਦਾ ਭਵਿਸ਼ ਸਿਵਾਏ ਮੁਕੰਮਲ ਤਬਾਹੀ ਤੋਂ ਹੋਰ ਕੀ ਹੋ ਸਕਦੈ। ਜਿਸ ਕੌਮ ਨੂੰ ਔਰੰਗਜ਼ੇਬ, ਜ਼ਕਰੀਆ, ਨਾਦਰਸ਼ਾਹ, ਮੰਨੂ ਤੇ ਅਬਦਾਲੀ ਟਿਲ ਲਾ ਲਾ ਕੇ ਖ਼ਤਮ ਕਰਦੇ ਆਪ ਥਕ ਮੋਏ, ਉਸ ਕੌਮ ਨੂੰ ਇਹੋ ਜਿਹੇ ਈਮਾਨ ਤੇ ਕੌਮ-ਫ਼ਰੋਸ਼ ਸਹਿਲੇ ਹੀ ਤੇ ਥੋੜੇ ਸਮੇਂ ਵਿਚ ਹੀ ਲੈ ਡੁਬਣਗੇ। ਇਹ ਇਕ ਮੁਅਜਜ਼ਾ ਹੋਵੇਗੇ ਜੇ ਸਿਖ ਕੌਮ ਇਹੋ ਜਿਹੇ ਅਕ੍ਰਿਤਘਣਾਂ ਨੂੰ ਪਹਿਚਾਣ ਕੇ ਆਪਣੀ ਮਨਜ਼ਲ ਵਲ ਸੇਧ ਆਪ ਲੈ ਲਵੇ ਤੇ ਇਨ੍ਹਾਂ ਗੰਦਗੀ ਦਿਆਂ ਬੋਰਿਆਂ ਨੂੰ ਕੂੜੇ ਕਰਕਟ ਦਿਆਂ ਢੇਲਾਂ ਵਿਚ ਸੁਟ ਪਾਵੇ, ਜਿਥੇ ਇਨ੍ਹਾਂ ਦਾ ਅਸਲੀ ਠਿਕਾਣਾ ਹੈ।


www.AKJ.Org

# ਗ਼ੱਦਾਰ ਕੌਣ ?

[ਵਲੋਂ—ਸ: ਬਚਨ ਸਿੰਘ ਜੀ ਪ੍ਰਦੇਸੀ, ਸੰਪਾਦਕ ਸਿਖ ਸੰਦੇਸ਼]

ਸ਼੍ਰੀਮਤੀ ਇੰਦਰਾ ਗਾਂਧੀ ਦੇ ਕਤਲ ਪਿਛੋਂ ਜੋ ਇਕ ਹੋਰ ਵਡਾ ਧਮਾਕਾ ਹੋਇਆ, ਉਸ ਨੇ ਭਾਰਤ ਦੀਆਂ ਨੀਹਾਂ ਹੀ ਹਿਲਾ ਕੇ ਰਖ ਦਿਤੀਆਂ। ਇਹ ਧਮਾਕਾ ਉਸ ਸਮੇਂ ਹੋਇਆ, ਜਦੋਂ ਕਿ ਬਹੁਤ ਵਡਿਆਂ ਅਹੁਦਿਆਂ ਉਤੇ ਨਿਯੁਕਤ ਵਿਅਕਤੀਆਂ ਨੂੰ ਜਾਸੂਸੀ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਗਿਆ। ਗ੍ਰਿਫ਼ਤਾਰ ਹੋਣ ਵਾਲਿਆਂ ਵਿਚ ਰਾਸ਼ਟਰਪਤੀ ਦੇ ਪ੍ਰੈਸ ਸੱਕਤਰ ਦਾ ਪੀ. ਏ. ਅਤੇ ਪ੍ਰਧਾਨ ਮੰਤਰੀ ਦੇ ਮੁਖ ਸੱਕਤਰ ਪੀ. ਸੀ. ਅਲੈਗਜ਼ੈਂਡਰ ਦਾ ਨਿਜੀ ਸੱਕਤਰ ਵੀ ਸ਼ਾਮਲ ਹਨ। ਫੜੇ ਗਏ ਵਿਅਕਤੀਆਂ ਵਿਚ ਪੰਜ ਔਫ਼ੀਸਰ ਅਜਿਹੇ ਹਨ ਜਿਹਨਾਂ ਦਾ ਸਬੰਧ ਸੁਰੱਖਿਆ ਵਿਭਾਗ ਅਤੇ ਪ੍ਰਧਾਨ ਮੰਤਰੀ ਦੇ ਨਿਜੀ ਅਮਲੇ ਨਾਲ ਸੀ। ਇਹ ਫੜੇ ਗਏ ਵਿਅਕਤੀ ਪਿਛਲੇ ਕਾਫ਼ੀ ਅਰਸੇ ਤੋਂ ਦੇਸ਼ ਦੇ ਸਭ ਤੋਂ ਮਹੱਤਵਪੂਰਨ ਅਤੇ ਨਾਜ਼ਕ ਸੁਰੱਖਿਆ ਦੇ ਮਾਮਲਿਆਂ ਸੰਬੰਧੀ ਵਿਸ਼ੇਸ਼ ਸੂਚਨਾਵਾਂ ਖੁਫ਼ੀਆ ਏਜੰਸੀਆਂ ਰਾਹੀਂ ਵਿਦੇਸ਼ਾਂ ਨੂੰ ਦੇਂਦੇ ਰਹੇ ਹਨ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਅਸਲੀ ਗ਼ੱਦਾਰ ਕੌਣ ਹਨ ? ਇਹ ਫੜੇ ਗਏ ਵਿਅਕਤੀ ਸਭ ਹਿੰਦੂ ਹਨ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਹੁਣ ਤਕ ਭਾਰਤ ਦਾ ਇਹ ਫ਼ਿਰਕਾ-ਪ੍ਰੱਸਤ ਤਬਕਾ ਅਤੇ ਫ਼ਿਰਕਾ-ਪ੍ਰੱਸਤ ਪ੍ਰੈਸ ਸਿੱਖਾਂ ਨੂੰ ਪਾਕਿਸਤਾਨ ਦਾ ਏਜੰਟ ਅਤੇ ਦੇਸ਼ ਧਰੋਹੀ ਕਹਿ ਕੇ ਬਦਨਾਮ ਕਰ ਰਿਹਾ ਹੈ। ਜਦ ਕਿ ਸਿੱਖਾਂ ਨੇ ਪਿਛਲੀਆਂ ਕਈ ਸਦੀਆਂ ਤੋਂ ਇਸ ਦੇਸ਼ ਦੀ ਇਜ਼ਤ ਅਤੇ ਆਬਰੂ ਨੂੰ ਬਰਕਰਾਰ ਰਖਿਆ ਹੈ, ਜਦੋਂ ਹਿੰਦੁਸਤਾਨ ਦੀਆਂ ਬਹੂ ਬੇਟੀਆਂ ਦੀ ਇਜ਼ਤ ਗਜ਼ਨੀ ਦੇ ਬਾਜ਼ਾਰਾਂ ਵਿਚ ਟਕੇ ਟਕੇ ਵਿਕਦੀ ਸੀ। ਦੇਸ਼ ਦੀ ਆਜ਼ਾਦੀ ਵਿਚ ਸਿੱਖਾਂ ਨੇ ੯੩ ਪ੍ਰਤੀਸ਼ਤ ਹਿਸਾ ਪਾਇਆ। ੧੯੪੭ ਵਿਚ ਦੇਸ਼ ਦੀ ਵੰਡ ਸਮੇਂ ਅਤੇ ਉਸ ਪਿਛੋਂ ੧੯੬੨, ੬੫ ਅਤੇ ੭੧ ਦੀਆਂ ਜੰਗਾਂ ਵਿਚ ਸਿੱਖਾਂ ਨੇ ਅਪਣੀਆਂ ਛਾਤੀਆਂ ਤੋਂ ਦੁਸ਼ਮਣਾਂ ਦੇ ਟੈਂਕ ਲੰਘਾਏ, ਪਰ ਦੇਸ਼ ਦੀਆਂ ਸਰਹੱਦਾਂ ਦੀ ਰਖਿਆ ਬੜੀ ਤਨਦੇਹੀ ਨਾਲ ਕੀਤੀ।

ਕੀ ਪੰਜਾਬੀ ਬੋਲਣ ਵਾਲੇ ਇਲਾਕੇ ਪੰਜਾਬ ਵਿਚ ਸ਼ਾਮਲ ਕਰਨ, ਪੰਜਾਬ ਵਿਚੋਂ ਵਗਣ ਵਾਲੇ ਦਰਿਆਵਾਂ ਦੇ ਪਾਣੀ ਦੀ ਸਹੀ ਵੰਡ ਕਰਨ ਅਤੇ ਰਾਜਾਂ ਨੂੰ ਵਧ ਅਧਿਕਾਰ ਦੇਣ ਦੀਆਂ ਮੰਗਾਂ ਕਰਨ ਵਾਲੇ ਸਿੱਖ ਗ਼ੱਦਾਰ ਹਨ ਜਾਂ ਉਹ ਲੋਕ, ਜੋ ਪੈਸੇ ਅਤੇ ਆਪਣੀ ਐਸ਼-ਪ੍ਰਸਤੀ ਖਾਤਰ ਦੇਸ਼ ਦੇ ਮਹੱਤਵਪੂਰਨ ਭੇਦ ਦੂਜੇ ਦੇਸ਼ਾਂ ਨੂੰ ਦਿੰਦੇ ਰਹੇ ਹਨ ?

ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਕਤਲ ਦੋ ਸਿੱਖਾਂ ਹੱਥੋਂ ਹੋਣ ਤੇ ਸਮੁਚੇ ਸਿੱਖਾਂ ਨੂੰ ਅਹਿੰਸਾ ਦਾ ਸ਼ਿਕਾਰ ਬਣਾ ਕੇ ਹਜ਼ਾਰਾਂ ਦੀ ਗਿਣਤੀ ਵਿਚ ਕਤਲ ਕੀਤਾ ਗਿਆ ਅਤੇ ਅਰਬਾਂ ਰੁਪਏ ਦਾ ਮਾਲੀ ਨੁਕਸਾਨ ਕੀਤਾ ਗਿਆ। ਕੀ ਇਤਨੇ ਵਡੇ ਅਹੁਦਿਆਂ ਤੇ ਨਿਯੁਕਤ ਹਿੰਦੂ ਅਫ਼ਸਰਾਂ ਵਲੋਂ ਇਤਨੀ ਵਡੀ ਗ਼ਦਾਰੀ ਅਤੇ ਦੇਸ਼-ਧਰੋਹੀ ਕਰਨ ਉਤੇ ਇਸ ਵਡੇ ਤਬਕੇ ਦੇ ਲੋਕਾਂ ਦੇ ਕੰਨੀਂ ਜੂੰ ਵੀ ਸਰਕੀ ਹੈ ?

ਪਿਛਲੀਆਂ ਹੋਈਆਂ ਪਾਰਲੀਮੈਂਟ ਦੀਆਂ ਚੋਣਾਂ ਵਿਚ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਹਿੰਦੂ ਵੋਟ ਇਕੱਠੇ ਕਰਨ ਲਈ ਥਾਂ ਥਾਂ ਅਨੰਦਪੁਰ ਸਾਹਿਬ ਦੇ ਮਤੇ ਨੂੰ ਗ਼ਲਤ ਰੂਪ ਵਿਚ ਪੇਸ਼ ਕੀਤਾ ਅਤੇ ਸਿੱਖਾਂ ਨੂੰ ਰਜ ਕੇ ਬਦਨਾਮ ਕੀਤਾ। ਹੁਣ ਆਉਣ ਵਾਲੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਵਿਚ ਪ੍ਰਧਾਨ ਮੰਤਰੀ ਵੋਟਾਂ ਇਕੱਠੀਆਂ ਕਰਨ ਲਈ ਕਦੀ ਦੂਜੀਆਂ ਰਾਜਸੀ ਪਾਰਟੀਆਂ ਉਤੇ ਦੂਸ਼ਨ ਲਾ ਰਹੇ ਹਨ ਅਤੇ ਕਦੀ ਅਕਾਲੀ ਦਲ ਨੂੰ ਬਦਨਾਮ ਕਰਨ ਦਾ ਯਤਨ ਕਰ ਰਹੇ ਹਨ। ਪਰ ਇਤਨੇ ਵਡੇ ਜਾਸੂਸੀ ਕਾਂਡ ਦੇ ਭੇਦ ਖੁਲ੍ਹਣ ਉਤੇ ਦੇਸ਼ ਨੂੰ ਦੁਸ਼ਮਣਾਂ ਦੇ ਹੱਥ ਵੇਚਣ ਵਾਲਿਆਂ ਬਾਰੇ ਰਾਜੀਵ ਗਾਂਧੀ ਦਾ ਕੀ ਵਿਚਾਰ ਹੈ ?

ਅਫ਼ਸੋਸ ! ਕਿ ਦੇਸ਼ ਨੂੰ ਪਰਾਏ ਹੱਥਾਂ ਵਿਚ ਵੇਚਣ ਵਾਲੇ ਗ਼ਦਾਰੋ ! ਸਿਖਾਂ ਨੂੰ ਗ਼ਦਾਰ ਕਹਿਣ ਤੋਂ ਪਹਿਲਾਂ ਆਪਣੇ ਗਿਰੀਵਾਨ ਵਿਚ ਝਾਤੀ ਮਾਰ ਕੇ ਤਾਂ ਦੇਖ ਲਵੋ ਕਿ ਤੁਸੀਂ ਕਿਹੜੀਆਂ ਕੋਝੀਆਂ ਕਰਤੂਤਾਂ ਕਰ ਰਹੇ ਹੋ।



www.AKJ.Org

# ਅੱਜ ਦੇਸ਼ ਦੇ ਰਖਵਾਲੇ ਮਾਰੀਦੇ ਮਰਦੇ ਨੇ

[ਸ: ਸੰਤਾ ਸਿੰਘ ਜੀ ਆਜਿਜ਼, ਲੁਧਿਆਣਾ]

ਸਿਖ ਕੌਮ ਦੀ ਹਸਤੀ ਨੂੰ ਅੱਜ ਖ਼ਤਰਾ ਭਾਰੀ ਏ। ਘਿਰ ਗਈ ਤੂਫ਼ਾਨਾਂ ਵਿਚ, ਸਾਰੀ ਦੀ ਸਾਰੀ ਏ।
ਇਸ ਦੀ ਬਰਬਾਦੀ ਦੇ, ਮਨਸੂਬੇ ਬਣ ਗਏ ਨੇ। ਇਸ ਦੇ ਹੀ ਸਕੇ ਸਹੋਦਰੇ ਬਣ ਕਾਤਨ ਤਣ ਗਏ ਨੇ।

ਇਹ ਅਮਨ ਦੇ ਰਾਖੇ ਧਨ, ਅੱਜ ਅਮਨ ਨੂੰ ਲੁਟਦੇ ਨੇ। ਇਹ ਹੱਥ ਵੀ ਚੁੰਮਦੇ ਨੇ, ਤੇ ਗਲ ਵੀ ਘੁਟਦੇ ਨੇ।
ਇਹ ਕੇਸੇ ਕਪਟੀ ਨੇ, ਗਲ ਲਗ ਲਗ ਰੋਂਦੇ ਨੇ। ਮੌਤਾਂ ਪਏ ਵੰਡਦੇ ਨੇ, ਤੇ ਜੀਵਨ ਖੋਂਹਦੇ ਨੇ।

ਰਿਸ਼ਤੇ ਵੀ ਗੰਢਦੇ ਨੇ, ਤੇ ਪਿਆਰ ਜਤਾਂਦੇ ਨੇ। ਆਪਣੇ ਕਹਿ ਆਪਣਿਆਂ ਦੀ ਅਲਖ ਮੁਕਾਂਦੇ ਨੇ।
ਸਿਖ ਕੌਮ ਦੀ ਰੁਸਵਾਈ, ਇਨ੍ਹਾਂ ਨੂੰ ਭਾਂਦੀ ਏ। ਸਿੰਘਾਂ ਦੀ ਸਾਬਤ ਸੂਰਤ, ਡੰਗਦੀ ਵਢ ਖਾਂਦੀ ਏ।

ਇਨ੍ਹਾਂ ਦੇਸ਼ ਲਈ ਕੀਤਾ, ਕਦੇ ਦੂਹਰਾ ਡੱਕਾ ਨਹੀਂ। ਗ਼ੈਰਾਂ ਦੀ ਗ਼ੁਲਾਮੀ ਨੂੰ ਕਦੇ ਲਾਇਆ ਧੱਕਾ ਨਹੀਂ।
ਅੱਜ ਦੇਸ਼ ਦੇ ਰਖਵਾਲੇ ਮਾਰੀਦੇ ਮਰਦੇ ਨੇ। ਕਲ੍ਹ ਦੇ ਟੋਡੀ ਮੁਖ਼ਬਰ, ਪਏ ਮੌਜਾਂ ਕਰਦੇ ਨੇ।

ਵੇਚਣ ਪਏ ਗ਼ੈਰਾਂ ਨੂੰ, ਫ਼ਾਈਲਾਂ ਸਰਕਾਰ ਦੀਆਂ। ਫ਼ੌਜਾਂ ਇਨ੍ਹਾਂ ਨੀਚਾਂ ਨੂੰ, ਫੜ ਕਿਉਂ ਨਹੀਂ ਮਾਰਦੀਆਂ ?
ਹਰ ਗੁਪਤ ਭੇਦ ਭੇਟਾ, ਗ਼ੈਰਾਂ ਨੂੰ ਕਰਦੇ ਨੇ। ਵਿਸਕੀ ਲਈ ਵਿਕਦੇ ਨੇ, ਡਾਲਰ ਲਈ ਮਰਦੇ ਨੇ।

ਇਨ੍ਹਾਂ ਨੀਚ ਗ਼ਦਾਰਾਂ ਤੇ ਸਖ਼ਤੀ ਸਖ਼ਤਾਈ ਨਹੀਂ। ਰਿਸ਼ਤੇ ਤੇ ਘਰ ਦਿਆਂ ਦੀ ਕੋਈ ਫੜੋ-ਫੜਾਈ ਨਹੀਂ।
ਪਰ ਸਿਖ ਕੈਦੀਆਂ ਦਾ, ਕੋਈ ਵੀ ਦਰਦੀ ਨਹੀਂ। ਕੋਈ ਰੂ-ਰਿਆਇਤ ਨਹੀਂ, ਕੋਈ ਹਮਦਰਦੀ ਨਹੀਂ।

ਭੁਲ ਗਏ ਭਾਰਤ-ਵਾਸੀ ਸਿੰਘਾਂ ਦੀਆਂ ਤੇਗਾਂ ਨੂੰ। ਢਾਲਾਂ ਦੀਆਂ ਛਾਵਾਂ ਨੂੰ, ਲੰਗਰ ਦੀਆਂ ਦੇਗਾਂ ਨੂੰ।
ਇਨ੍ਹਾਂ ਸੰਤ-ਸਿਪਾਹੀਆਂ ਨੇ ਠਲ੍ਹਿਆ ਤੂਫ਼ਾਨਾਂ ਨੂੰ। ਚੁਕ ਖੂੰਜੇ ਲਾ ਦਿਤਾ, ਫੜ ਮੁਗਲ ਪਠਾਨਾਂ ਨੂੰ।

ਹਰ ਗ਼ੈਰ ਹਕੂਮਤ ਦੀ ਜੜ੍ਹ ਕਟਦੇ ਆਏ ਇਹ। ਹਰ ਹਮਲੇ ਦੇ ਮੋਹਰੇ, ਲੜ ਡਟਦੇ ਆਏ ਇਹ।
ਮੁਲ ਪੂਰਾ ਤਾਰਿਆ ਸੀ, ਇਨ੍ਹਾਂ ਆਜ਼ਾਦੀ ਦਾ। ਇਵਜ਼ਾਨੇ ਵਿਚ ਮਿਲਿਆ, ਤੋਹਫ਼ਾ ਬਰਬਾਦੀ ਦਾ।

ਇਹ ਮੌਤ ਨੂੰ ਗਲਵਕੜੀ, ਪਾ ਲੈਂਦੇ ਝਕਦੇ ਨਹੀਂ। ਇਹ ਜ਼ੋਰ-ਜ਼ੁਲਮ ਮੋਹਰੇ ਅੜਦੇ, ਸਹਿ ਸਕਦੇ ਨਹੀਂ।
ਇਹ ਵਾਰ ਨਹੀਂ ਕਰਦੇ, ਮੁਖ ਕਰਮ ਬਚਾਉ ਹੈ। ਤੇ ਧਰਮ ਲਈ ਮਰਨਾ, ਇਸ ਦੇ ਮਨ ਚਾਉ ਹੈ।

ਇਨ੍ਹਾਂ ਦਾ ਖਟਿਆ ਹੀ, ਹਰ ਭਾਰਤੀ ਖਾਂਦਾ ਏ। ਖ਼ੁਸ਼ ਖ਼ੁਸ਼ ਆਜ਼ਾਦੀ ਦੇ, ਅੱਜ ਨਗਮੇ ਗਾਂਦਾ ਏ।
ਇਹ ਤੇ ਇਸ ਕਾਬਲ ਹੈ, ਭਾਰਤ ਦਾ ਤਾਜ ਬਣੇ। ਸਰਕਾਰ ਇਹ ਚਾਹੁੰਦੀ ਏ, ਸਾਡਾ ਮੁਹਤਾਜ ਬਣੇ।

ਆਪਣੇ ਹਿਸੇ ਆਈਆਂ ਖੁਸ਼ੀਆਂ ਹੀ ਮੰਗਣ ਇਹ। ਹੱਕ ਆਪਣੇ ਮੰਗਦੇ ਕਿਉਂ, ਸਰਕਾਰ ਨੂੰ ਡੰਗਣ ਇਹ ?
ਲੱਖ ਰੋਕੋ ਰੁਕਣਾ ਨਹੀਂ, ਇਹ ਦੌੜਾਂ ਲਾਵਣਗੇ। ਆਪਣੇ ਆਤਮ-ਬਲ ਤੇ, ਹੱਕ ਆਪਣੇ ਪਾਵਣਗੇ।

---


## ਬਹੁ-ਸ਼ਬਦੀ ਆਸਾ ਦੀ ਵਾਰ

ਨਵੀਂ ਐਡੀਸ਼ਨ ਛਪ ਕੇ ਤਿਆਰ ਹੋ ਗਈ ਹੈ। ਇਸ ਵਿਚ ਆਸਾ ਦੀ ਵਾਰ ਦੇ ਛਕਿਆਂ ਨਾਲ ਰਲਦੇ ਮਿਲਦੇ ਅਨੇਕਾਂ ਸ਼ਬਦ, ਅਨੰਦ-ਵਿਆਹ, ਗੁਰ-ਉਪਦੇਸ਼ ਅਤੇ ਅਰਦਾਸ-ਬੇਨਤੀ ਵਖ ਵਖ ਪਹਿਲੂਆਂ ਤੋਂ ਬੇਅੰਤ ਸ਼ਬਦਾਂ ਸਮੇਤ ਸ਼ਾਮਲ ਹੈ। ਹਰੇਕ ਛਕੇ ਦੇ ਅਰੰਭ ਵਿਚ ਸੰਬੰਧਤ ਸ਼ਬਦਾਂ ਦੇ ਦੋ ਦੋ ਸਫਿਆਂ ਦੇ ਤਤਕਰੇ ਲਾਏ ਗਏ ਹਨ। ਅਨੇਕਾਂ ਵਾਧਿਆਂ ਕਾਰਨ ਹੁਣ ਇਸ ਦੇ ੮੨੬ ਪੰਨੇ ਹੋ ਗਏ ਹਨ। ਕਾਗਜ਼ ਵਲੇਤੀ ਅਤੇ ਸੁੰਦਰ ਜਿਲਦ ਆਇਲ ਕਲਾਥ ਦੀ ਹੈ।




www.AKJ.Org

# 'ਸੇਵਾ ਕਰਤ ਹੋਇ ਨਿਹਕਾਮੀ'

[ਸ: ਸੰਤਾ ਸਿੰਘ ਜੀ ਆਜਿਜ਼, ਲੁਧਿਆਣਾ]

ਰਣਜੀਤਪੁਰਾ, ਅੰਮ੍ਰਿਤਸਰ, ਦਸੰਬਰ ੧੯੬੨—ਸੇਵਾ ਤੇ ਸਿਮਰਨ ਗੁਰਮਤਿ ਦੇ ਦੋ ਮੂਲ ਸਿਧਾਂਤ ਹਨ। ਸੇਵਾ ਬਿਨਾਂ ਸਿਮਰਨ ਤੇ ਸਿਮਰਨ ਬਿਨਾਂ ਸੇਵਾ ਗੁਰੂ ਘਰ ਵਿਚ ਕਤਈ ਪਰਵਾਨ ਨਹੀਂ ਹੈ। ਇਹਨਾਂ ਦੋਹਾਂ ਸ਼ੁਭ ਗੁਣਾਂ ਦੇ ਧਾਰਨੀ ਭਾਈ ਲਹਿਣਾ ਜੀ ਨੇ ਗੁਰੂ ਅੰਗਦ ਸਾਹਿਬ ਤੇ 'ਅਮਰੂ ਨਿਥਾਵੇਂ' ਨੇ ਨਿਥਾਂਵਿਆਂ ਦੇ ਥਾਂਵ ਗੁਰੂ ਅਮਰ ਦਾਸ ਜੀ ਦੀ ਮਹਾਨ ਪਦਵੀ ਪ੍ਰਾਪਤ ਕੀਤੀ ਸੀ।

ਸੇਵਾ ਕਈ ਪਰਕਾਰ ਨਾਲ ਕੀਤੀ ਜਾਂਦੀ ਹੈ, ਧਨ ਨਾਲ ਵੀ ਤੇ ਮਨ ਨਾਲ ਵੀ। ਪਰ ਜੋ ਮਹਾਨਤਾ ਤਨ ਅਥਵਾ ਹਥਾਂ ਨਾਲ ਕੀਤੀ ਸੇਵਾ ਨੂੰ ਪ੍ਰਾਪਤ ਹੈ, ਉਹ ਹੋਰ ਕਿਸੇ ਤਰ੍ਹਾਂ ਵੀ ਨਹੀਂ। ਸੇਵਾ ਦੇ ਹੋਰ ਵੀ ਕਈ ਰੂਪ ਦੇਖਣ ਤੇ ਸੁਨਣ ਵਿਚ ਆਉਂਦੇ ਹਨ: ਕਈ ਨਾਮਣੇ ਦੇ ਭੁਖੇ ਸਿਰਫ਼ ਆਪਣੇ ਨਾਮ ਤੇ ਵਡਿਆਈ ਵਾਸਤੇ ਹੀ ਸੇਵਾ ਕਰਦੇ ਹਨ। ਤੇ ਕਈ ਸੁਆਰਥੀ ਨਾਮਣੇ ਤੋਂ ਇਲਾਵਾ ਕੁਝ ਮਾਇਕ ਲਾਭ ਉਠਾਉਣ ਵਾਸਤੇ ਵੀ ਸੇਵਾ ਦਾ ਢੌਂਗ ਰਚਾਉਂਦੇ ਹਨ। ਤੇ ਕਈ ਭਦਰ ਪੁਰਸ਼ ਨਾਮਣੇ ਤੇ ਸ਼ੋਭਾ ਦੀ ਖਟੀ ਖਟਦੇ ਹੋਏ ਜੇ ਗੁਰੂ ਘਰ ਤੋਂ ਕੋਈ ਮਾਇਕ ਲਾਭ ਨਹੀਂ ਉਠਾਉਂਦੇ ਤਾਂ ਆਪਣਾ ਪਲੜਾ ਵੀ ਨਹੀਂ ਗੁਆਉਂਦੇ।

**ਪਰ ਗੁਰੂ-ਵਰੋਸਾਏ ਪੁਰਸ਼ਾਰਥੀ ਸੇਵਕ ਗੁਪਤ ਰਹਿ ਕੇ ਗੁਰੂ ਘਰ ਦੀ ਨਿਸ਼ਕਾਮ ਸੇਵਾ ਕਰਦੇ ਹੋਏ ਗੁਮਨਾਮੀ ਵਿਚ ਹੀ ਆਪਣਾ ਤਨ, ਮਨ ਤੇ ਧਨ ਕੁਰਬਾਨ ਕਰਦੇ ਹਨ ਅਤੇ ਨਿਮਰਤਾ ਵਿਚ ਰਹਿ ਕੇ ਗੁਰੂ ਮਹਾਰਾਜ ਦਾ ਲਖ ਲਖ ਸ਼ੁਕਰ ਮਨਾਉਂਦੇ ਹਨ। ਕੇਵਲ ਇਸ ਪਰਕਾਰ ਦੀ ਉਤਮ ਤੇ ਨਿਸ਼ਕਾਮ ਸੇਵਾ ਹੀ ਗੁਰੂ ਘਰ ਵਿਚ ਪਰਵਾਨ ਹੈ।**

ਸ੍ਰੀ ਗੁਰੂ ਸਿੰਘ ਸਭਾ ਰਣਜੀਤਪੁਰਾ ਅੰਮ੍ਰਿਤਸਰ ਨੇ ਦਸਮੇਸ਼ ਪਿਤਾ ਜੀ ਦਾ ਜਨਮ-ਉਤਸਵ ਮਨਾਉਣ ਦੀਆਂ ਤਿਆਰੀਆਂ ਬੜੇ ਉਤਸ਼ਾਹ ਨਾਲ ਕੀਤੀਆਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਡਪਾਠ ਆਰਭ ਕਰ ਦਿਤਾ ਗਿਆ। ਦਿਨ ਦੇ ਵੇਲੇ ਤਾਂ ਪਾਠ ਕਰਨ ਤੇ ਸੇਵਾਦਾਰਾਂ ਦੀ ਸੇਵਾ ਬੀਬੀਆਂ ਨੇ ਨਿਭਾਈ, ਅਤੇ ਰਾਤ ਲਈ ਦਸ ਤੋਂ ਚਾਰ ਸਵੇਰ ਤਕ ਪਾਠੀ ਸਿੰਘ ਤਾਂ ਮਿਲ ਗਏ, ਪਰ ਸੇਵਾਦਾਰ ਕੋਈ ਵੀ ਨਹੀਂ ਮਿਲ ਸਕਿਆ। ਸਿੰਘ ਸਭਾ ਦੇ ਪ੍ਰਬੰਧਕ ਸੇਵਾਦਾਰ ਨੂੰ ਲਭਦਿਆਂ ਕਰਦਿਆਂ ਮੇਰੇ ਗਰੀਬਖ਼ਾਨੇ ਵੀ ਪਧਾਰੇ ਤੇ ਮੈਨੂੰ ਬਾਰ੍ਹਾਂ ਤੋਂ ਦੋ ਤਕ ਸੇਵਾਦਾਰ ਦੀ ਸੇਵਾ ਸੰਭਾਲਣ ਲਈ ਉਤਸ਼ਾਹਤ ਕੀਤਾ।

ਦਾਸ ਉਹਨੀਂ ਦਿਨੀਂ ਈਸਟ ਅਫਰੀਕਾ ਤੋਂ ਕਿਸੇ ਮੁਹਲਕ ਬੀਮਾਰੀ ਦੇ ਕਾਰਨ ਸਿਹਤ ਦੀ ਬਿਨਾਅ ਤੇ ਰੀਟਾਇਰ ਹੋ ਕੇ ਆਇਆ ਸੀ ਤੇ ਗੁਰਦਵਾਰਾ ਸਾਹਿਬ ਦੀ ਸਵੇਰ ਵੇਲੇ ਦੀ ਹਾਜ਼ਰੀ ਨੇਮ ਨਾਲ ਭਰਦਾ ਸੀ। ਬੀਮਾਰੀ ਤੇ ਕਮਜ਼ੋਰੀ ਦੇ ਕਾਰਨ ਅਕਸਰ ਮੇਰੀਆਂ ਅਖਾਂ ਤੇ ਮੂੰਹ ਬਦ ਹੀ ਰਹਿੰਦੇ ਸਨ, ਪਰ ਪ੍ਰਬੰਧਕਾਂ ਤੇ ਸਤਿਸੰਗੀਆਂ ਨੇ ਮੇਰੀ ਇਸ ਮਜਬੂਰੀ ਨੂੰ ਹੋਰ ਹੀ ਰੰਗ ਦੇ ਦਿਤਾ, ਉਹਨਾਂ ਨੇ ਮੈਨੂੰ ਭਜਨੀਕ, ਨਿਤਨੇਮੀ ਤੇ ਗੁਰੂ ਘਰ ਦਾ ਪ੍ਰੇਮੀ ਨਾਮ ਵਿਚ ਮਤਾ ਗੁਰਸਿਖ ਸਮਝ ਲਿਆ।

ਮੈਂ ਪ੍ਰਬੰਧਕਾਂ ਨੂੰ ਬੇਨਤੀ ਕੀਤੀ ਕਿ ਦਾਸ ਅਜੇ ਵੀ ਪੂਰਾ ਤੰਦਰੁਸਤ ਨਹੀਂ ਤੇ ਨਾ ਹੀ ਦਾਸ ਸਿਖੀ ਰਹਿਤ ਵਿਚ ਪਰਪੱਕ ਹੈ। ਪਰ ਉਹਨਾਂ ਪਤਾ ਨਹੀਂ ਕਿਉਂ ਹੱਠ ਕਰ ਕੇ ਮੇਰੇ ਲਈ ਸੇਵਾ ਦਾ ਫ਼ਤਵਾ ਬਾਰ੍ਹਾਂ ਤੋਂ ਦੋ ਵਜੇ ਤਕ ਸਾਦਰ ਕਰ ਹੀ ਦਿਤਾ। ਮੇਰੀ ਉਜ਼ਰਦਾਰੀ ਨੂੰ ਬਹਾਨੇਸਾਜ਼ੀ ਕਹਿ ਕੇ ਠੁਕਰਾ ਦਿਤਾ। ਮੈਂ ਬਾਰ ਬਾਰ ਮਾਫ਼ੀਆਂ ਮੰਗਦਾ ਰਿਹਾ, ਪਰ ਲਗੇ ਫ਼ਤਵੇ ਨੂੰ ਮਾਫ਼ ਕਰਾਉਣ ਵਿਚ ਸਫਲ ਨਾ ਹੋ ਸਕਿਆ।

ਲਾਚਾਰ ਪਰਸ਼ਾਦ ਪਾਣੀ ਛਕ ਕੇ ਕਹਿਰਾਂ ਦੀ ਠੰਡ ਤੋਂ ਬਚਣ ਲਈ ਭਾਰਾ ਬਿਸਤਰਾ ਤਿਆਰ ਕਰ ਕੇ ਚਾਹ ਦੀ ਥਰਮਸ ਭਰਾ ਕੇ ਤੇ ਘੜੀ ਦਾ ਅਲਾਰਮ ਸਾਢੇ ਬਾਰ੍ਹਾਂ ਤੇ ਲਾ ਕੇ ਮੈਂ ਮੰਜੇ ਤੇ ਲੇਟ ਗਿਆ, ਪਰ ਨੀਂਦ



www.AKJ.Org

ਕਿਥੇ ? ਆਖ਼ਰ ਮਨ ਵਿਚ ਕੁਝ ਵਿਚਾਰ ਕੇ ਅਤੇ ਪੱਕਾ ਨਿਸਚਾ ਧਾਰ ਕੇ ਮੈਂ ਉਠਿਆ ਤੇ ਪ੍ਰਬੰਧਕਾਂ ਪਾਸ ਗਿਆ ਤੇ ਹਥ ਜੋੜ ਕੇ ਦਸ ਤੋਂ ਛੇ ਸਵੇਰ ਤਕ ਦੀ ਸੇਵਾ ਸੰਭਾਲਣ ਦੀ ਪਰਵਾਨਗੀ ਲੈ ਲਈ। ਵਾਪਸ ਘਰ ਪਰਤ ਕੇ ਬਿਸਤਰਾ ਤੇ ਜ਼ਰੂਰੀ ਸਾਮਾਨ ਲੈ ਕੇ ਗੁਰਦਵਾਰੇ ਆਪਣੀ ਸੇਵਾ ਤੇ ਹਾਜ਼ਰ ਹੋ ਗਿਆ।

ਸਾਰੀ ਰਾਤ ਅਖੰਡ ਪਾਠ ਨਿਰੰਤਰ ਹੁੰਦਾ ਰਿਹਾ, ਪਾਠੀ ਸਿੰਘ ਆਪੋ ਆਪਣੀ ਰੋਲ ਪੂਰੀ ਕਰ ਕੇ ਆਂਦੇ ਜਾਂਦੇ ਰਹੇ। ਸਵਾ ਚਾਰ ਕੁ ਵਜੇ ਜਦੋਂ ਅਖੀਰਲਾ ਪਾਠੀ ਸਿੰਘ ਮਹਾਰਾਜ ਦੀ ਹਜ਼ੂਰੀ ਵਿਚ ਬੋਲ ਕੇ ਪਾਠ ਕਰਨ ਲਗ ਪਿਆ ਤੇ ਪਹਿਲਾ ਘਰ ਚਲਾ ਗਿਆ ਤਾਂ ਬਾਹਰਲਾ ਗੇਟ ਫਿਰ ਹੌਲੇ ਜਿਹੇ ਖੁਲ੍ਹਿਆ ਤੇ ਇਕ ਗੁਰਸਿਖ ਪਿਆਰਾ ਖੇਸ ਦੀ ਬੁਕਲ ਮਾਰੀ, ਇਕ ਹੱਥ ਵਿਚ ਕਰਮੰਡਲ ਤੇ ਦੂਸਰੇ ਵਿਚ ਪਰਨੇ ਵਿਚ ਬਧੇ ਕੁਝ ਬਸਤਰ ਫੜੀ ਗੁਰੂ ਗੁਰੂ ਜਪਦਿਆਂ ਅਡੋਲੇ ਜਿਹੇ ਗੁਰਦਵਾਰੇ ਅੰਦਰ ਦਾਖ਼ਲ ਹੋਇਆ।

ਉਸ ਗੁਰਸਿਖ ਨੇ ਪਹਿਲਾਂ ਕਰਮੰਡਲ ਵਿਚੋਂ ਕੁਝ ਸੁਆਹ ਕਢ ਕੇ ਡੋਲ ਮਾਂਜਿਆ, ਟੂਟੀ ਦੇ ਪਾਣੀ ਨਾਲ ਧੋਤਾ ਤੇ ਫਿਰ ਉਸ ਸਵੱਛ ਡੋਲ ਨਾਲ ਖੂਹੀ ਵਿਚੋਂ ਪਾਣੀ ਕਢ ਕਢ ਪੂਰੀ ਟੂਟੀ ਭਰ ਦਿਤੀ। ਉਪਰਤ ਉਸ ਨੇ ਇਸ਼ਨਾਨ ਕੀਤਾ, ਸਵੱਛ ਬਸਤਰ ਪਹਿਨੇ ਤੇ ਫਿਰ ਬੁਹਕਰ ਲਭ ਕੇ ਗੁਰਦਵਾਰਾ ਸਾਹਿਬ ਦਾ ਸਾਰਾ ਵੇਹੜਾ ਤੇ ਨਿਸ਼ਾਨ ਸਾਹਿਬ ਦਾ ਥੜਾ ਸਾਫ਼ ਕੀਤਾ। ਫਿਰ ਪਰਨੇ ਨਾਲ ਸਾਰੇ ਬੂਹੇ ਬਾਰੀਆਂ ਤੇ ਸ਼ੀਸ਼ੇ ਆਦਿ ਸਫ਼ਾ ਕੀਤੇ ਤੇ ਲਿਸ਼ਕਾਏ। ਇਸ ਤੋਂ ਬਾਅਦ ਅੰਦਰੋਂ ਲਕੜੀਆਂ ਲਿਆਂਦੀਆਂ, ਵਡੇ ਚੁਲ੍ਹੇ ਵਿਚ ਡਾਹ ਕੇ ਅੱਗ ਜਲਾਈ ਤੇ ਫਿਰ ਕੜਾਹੀ ਖੁਰਪਾ ਲਿਆ ਕੇ ਖ਼ੂਬ ਮਾਂਜਿਆ ਲਿਸ਼ਕਾਇਆ ਤੇ ਧੋਤਾ ਅਤੇ ਚੁਲ੍ਹੇ ਤੇ ਕੜਾਹੀ ਚੜ੍ਹਾ ਕੇ ਅੰਦਰ ਜਾ ਕੇ ਭਾਈ ਸਾਹਿਬ ਜੀ ਨੂੰ ਹੌਲੇ ਹੌਲੇ ਮੋਢੇ ਤੋਂ ਫੜ ਕੇ ਹਿਲਾਇਆ ਤੇ ਜਗਾਇਆ। ਜਦ ਤਕ ਭਾਈ ਸਾਹਿਬ ਉਠ ਕੇ ਨਿਤ ਕਰਮ ਤੋਂ ਵੇਹਲੇ ਹੋ ਕੇ ਇਸ਼ਨਾਨ ਕਰ ਕੇ ਪਰਸ਼ਾਦ ਦੀ ਦੇਗ ਤਿਆਰ ਕਰਨ ਲਈ ਆਏ, ਉਹ ਗੁਰਸਿਖ ਜਿਸ ਤਰ੍ਹਾਂ ਅਛੋਪਲੇ ਜਿਹੇ ਨਾਮ ਜਪਦਾ ਆਇਆ ਸੀ, ਉਸੇ ਤਰ੍ਹਾਂ ਗੁਰੂ ਗੁਰੂ ਜਪਦਾ ਬਾਹਰਲੇ ਗੇਟ ਰਾਹੀਂ ਘਰ ਪਰਤ ਗਿਆ। ਨਿਸ਼ਕਾਮ ਤੇ ਨਿਰਮਾਣ ਸੇਵਕ ਨੂੰ ਸਿਵਾਇ ਮੇਰੇ ਜਾਂ ਭਾਈ ਸਾਹਿਬ ਦੇ, ਤੇ ਜਾਂ ਫਿਰ ਉਸ ਘਟ ਘਟ ਦੇ ਜਾਨਣਹਾਰੇ ਦੇ ਕਿਸੇ ਵੀ ਨਹੀਂ ਦੇਖਿਆ ਜਾਂ ਜਾਣਿਆ ਸੀ।

ਬੜੇ ਜਤਨਾਂ ਨਾਲ ਸਿਰਫ਼ ਭਾਈ ਸਾਹਿਬ ਜੀ ਤੋਂ ਇਤਨਾ ਹੀ ਪਤਾ ਲਗ ਸਕਿਆ ਕਿ ਉਹ ਗੁਰਸਿਖ ਹਰ ਰੋਜ਼ ਸਵੇਰੇ ਨੇਮ ਨਾਲ ਇਸੇ ਵਕਤ ਹੀ ਗੁਰਦਵਾਰੇ ਆਉਂਦਾ ਤੇ ਆਪਣੀ ਨਿਸ਼ਕਾਮ ਸੇਵਾ ਕਰ ਕੇ ਖ਼ਾਮੋਸ਼ ਤੇ ਅਬੋਲ ਰਹਿ ਕੇ ਘਰ ਪਰਤ ਜਾਂਦਾ ਹੈ। ਉਸ ਬਾਰੇ ਕੋਈ ਵੀ ਹੋਰ ਕੁਛ ਨਹੀਂ ਦਸ ਸਕਿਆ। ਪਰ ਮੈਂ ਉਸ ਦੀ ਇਸ ਨਿਰਮਾਣਤਾ ਤੇ ਸ਼ਰਧਾ ਸਹਿਤ ਕੀਤੀ ਸੇਵਾ ਲਈ, ਉਸ ਗੁਰਸਿਖ ਨੂੰ ਨਮਸਕਾਰ ਕਰਦਾ ਹਾਂ।

ਕੁਦਰਤ ਦੇ ਰੰਗ ਨਿਆਰੇ ਹਨ, ਪ੍ਰਬੰਧਕਾਂ ਵਲੋਂ ਦਿਤਾ ਹੋਇਆ ਸੇਵਾ ਰੂਪੀ ਫ਼ਤਵਾ ਮੇਰੇ ਲਈ ਵਰਦਾਨ ਸਾਬਤ ਹੋਇਆ ਤੇ ਮੈਨੂੰ ਇਕ ਪੂਰਨ ਸਿਖ ਤੇ ਨਿਸ਼ਕਾਮ ਸੇਵਕ ਦੇ ਦਰਸ਼ਨ ਕਰਨ ਦੀ ਸੁਭਾਗ ਪ੍ਰਾਪਤ ਹੋਇਆ ਅਤੇ ਮੇਰੇ ਮਨ ਵਿਚ ਵੀ ਨਿਸ਼ਕਾਮ ਸੇਵਾ ਕਰਨ ਦਾ ਉਤਸ਼ਾਹ ਜਾਗਰਤ ਹੋਇਆ।


## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟ੍ਰੈਕਟ ਤੇ ਪੁਸਤਕਾਂ

| | | | |
|---|---|---|---|
| ਪੂਰਬ ਜਨਮ ਕੇ ਮਿਲ ਸੰਜੋਗੀ | ੮-੦੦, ੭-੦੦ | ਖਾਲਸਾ ਰਹਿਤ ਕੇਸਕੀ (ਦਸਤਾਰ) | ੧-੭੦ |
| ਭਾ:ਸਾ:ਰਣਧੀਰ ਸਿੰਘ ਸ਼ਤਾਬਦੀ ਅੰਕ (ਸਚਿਤ੍ਰ) | ੨-੫੦ | ਗੁਰਬਾਣੀ ਦੀ ਪਾਰਸ ਕਲਾ (ਭਾ: ਸਾਹਿਬ ਕ੍ਰਿਤ) | ੦-੮੦ |
| ਰਹਿਤ ਮਰਯਾਦਾ ਅੰਕ | ੨-੦੦ | ਪ੍ਰਗਟੀ ਜੋਤਿ ਮਿਲੋ ਰਾਮ ਪਿਆਰੇ ,, | ੦-੯੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੮੦ | ਕੀ ਕੇਸ ਰਖਣੇ ਜ਼ਰੂਰੀ ਹਨ ? ,, | ੦-੬੦ |
| ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | ੧-੦੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ,, | ੦-੫੦ |
| HAIR—A Divine Gift | 0-40 | ਗੁਰਮਤਿ ਅਨਹਦ ਸ਼ਬਦ ,, | ੦-੪੫ |
| Dawn of Divine Wisdom | 0-75 | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ | ੦-੯੦ |
| ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਟ੍ਰੈਕਟ | | ਵਲੋਂ ਭਾਈ ਰਾਮ ਸਿੰਘ ਜੀ | ੦-੭੫ |
| ਸਿੱਖ : ਇੱਕ ਵੱਖਰੀ ਕੌਮ (ਸੂਰਾ ਦਾ ਵਿਸ਼ੇਸ਼ ਅੰਕ, ਜਿਸ ਵਿਚ ੧੩ ਖੋਜ-ਭਰੇ ਲੇਖ ਸ਼ਾਮਲ ਹਨ) | | | ੫-੦੦ |


www.AKJ.Org

# ਪੰਜ ਪਿਆਰੇ ਪ੍ਰਗਟ ਕਰਨ ਸਮੇਂ ਝਟਕੇ ਦੀ ਕਲਪਣਾ ?

ਗੁਰੂ ਘਰ ਦੀਆਂ ਪ੍ਰਾਚੀਨ ਸਾਖੀਆਂ ਵਿਖੇ ਝਟਕਾ ਪਦ ਕਿਤੇ ਨਹੀਂ ਵਰਤਿਆ ਗਿਆ, ਝਟਕਾ ਖਾਣ ਦਾ ਜ਼ਿਕਰ ਤਾਂ ਕਿਤੇ ਰਿਹਾ। ਹਾਂ, ਮਾਸ ਅਤੇ ਆਮਿਖ ਪਦ ਤਾਂ ਜ਼ਰੂਰ ਉਕਤ ਸਾਖੀਆਂ ਅੰਦਰ ਆਉਂਦੇ ਹਨ। ਪਰੰਤੂ ਪਤਾ ਨਹੀਂ ਕਿ ਮਾਸ ਦਾ ਨਾਉਂ ਝਟਕਾ ਧਰ ਕੇ ਮਾਸ ਖਾਣ ਦੀ ਫਿਟਕ ਸਾਡੇ ਪੰਥ ਅੰਦਰ ਕਦਕੂ ਤੋਂ ਵਗੀ ਚਲੀ ਆਉਂਦੀ ਹੈ।

ਬਹੁਤ ਸਾਰੇ ਮਾਸਖ਼ੋਰੇ ਸਜਣਾਂ ਦਾ ਖ਼ਿਆਲ ਹੈ ਕਿ ਸ੍ਰੀ ਦਸਮੇਸ਼ ਜੀ ਨੇ ਕੇਸਗੜ੍ਹ ਵਿਖੇ ਜਦੋਂ ਖਾਲਸਾ ਪੰਥ 'ਪੰਚ ਖਾਲਸਾ' ਅਰਥਾਤ ਪੰਜਾਂ ਪਿਆਰਿਆਂ ਦੇ ਸਰੂਪ ਵਿਚ ਸਾਜਿਆ ਹੈ, ਤਦ ਤੋਂ ਹੀ ਝਟਕੇ ਦਾ ਰਿਵਾਜ ਪੰਥ ਵਿਚ ਪ੍ਰਚੁਰ ਹੋਇਆ ਹੈ, ਕਿਉਂਜੁ ਉਸ ਸਮੇਂ ਸ੍ਰੀ ਦਸਮੇਸ਼ ਜੀ ਨੇ ਪੰਜ ਬਕਰੇ ਤੰਬੂ ਅੰਦਰ ਝਟਕਾਏ।

ਉਕਤ ਮਾਸਖ਼ੋਰੇ ਸਜਣਾਂ ਦਾ ਇਹ ਖਿਆਲ ਨਿਰਾ ਮਨ-ਕਲਪਤ ਢਕੌਂਸਲਾ ਹੈ, ਕਿਉਂਕਿ ਪ੍ਰਿਥਮ ਤਾਂ ਇਹ ਬਾਤ ਹੀ ਪੂਰਨ ਤੌਰ ਤੇ ਪ੍ਰਸਿਧ ਨਹੀਂ ਕਿ ਪੰਜ ਬਕਰੇ ਝਟਕਾਏ ਜਾਂ ਨਹੀਂ।

ਬਹੁਤ ਸਾਰੇ ਸ਼ਰਧਾਵਾਨ ਸਿੰਘ ਸਾਹਿਬਾਨ ਦਾ ਪੂਰਨ ਵਿਸ਼ਵਾਸ ਇਹ ਹੈ ਕਿ ਸਰਬ-ਕਲਾ ਸਮਰੱਥ ਚੋਜੀ ਗੁਰੂ ਸ੍ਰੀ ਦਸਮੇਸ਼ ਜੀ ਨੇ ਪੰਜਾਂ ਪਿਆਰਿਆਂ ਦੇ ਹੀ ਸੀਸ ਸ੍ਰੀ ਸਾਹਿਬ ਨਾਲ ਲਾਹ ਕੇ, ਫੇਰ ਸੁਰਜੀਤ ਕਰ ਦਿਤੇ। ਇਹ ਗੱਲ ਐਨ ਸੋਲ੍ਹਾਂ ਆਨੇ ਸੱਚ ਹੈ ਕਿ ਚੋਜੀ ਸਤਿਗੁਰੂ ਦਸਮੇਸ਼ ਜੀ ਨੇ—

"ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥"

ਅਤੇ—ਪਹਿਲਾ ਮਰਣੁ ਕਬੂਲਿ, ਜੀਵਨ ਕੀ ਛਡਿ ਆਸ ॥

ਗੁਰਵਾਕਾਂ ਦੀ ਸੱਚੀ ਕਸਵੱਟੀ ਤੇ ਚਾੜ੍ਹ ਕੇ ਹੀ ਅੰਮ੍ਰਿਤ-ਅਭਿਲਾਖੀਆਂ ਨੂੰ ਅੰਮ੍ਰਿਤ ਦੀ ਦਾਤਿ ਪ੍ਰਦਾਨ ਕੀਤੀ। ਕੋਈ ਭਿਆਨਕ ਰੋਚਕ ਪਰਤਾਵੇ ਨਹੀਂ ਪਏ, ਐਨ ਯਥਾਰਥ ਪੂਰਨੇ ਸੀਸ ਉਤਾਰਨ ਦੇ ਪਾਏ। ਸੀਸ ਉਤਾਰ ਕੇ ਫਿਰ ਸੁਰਜੀਤ ਕਰ ਦੇਣਾ ਗੁਰੂ ਕਲਾ-ਕ੍ਰਿਸ਼ਮੀ ਦਾ ਸੱਚਾਵਾ ਕ੍ਰਿਸ਼ਮਾ ਹੈ। ਸ੍ਰੀ ਪੰਚਮ ਪਾਤਿਸ਼ਾਹ ਨੇ ਮੂਸਨ ਜੀ ਦੇ ਧੜੋਂ ਜੁਦਾ ਹੋਏ ਸੀਸ ਨੂੰ ਫੇਰ ਜੋੜ ਕੇ ਸੁਰਜੀਤ ਕੀਤਾ, ਇਹ ਆਮ ਪੰਥ-ਪ੍ਰਸਿਧ ਸਾਖੀ ਹੈ। ਉਸ ਜੋਤਿ-ਜੋਤੀਸ਼ਰ ਕਲਾ ਵਾਲੇ ਕਲਾਧਾਰੀ ਸ੍ਰੀ ਗੁਰੂ ਦਸਮੇਸ਼ ਪਾਤਿਸ਼ਾਹ ਨੇ ਇਥੇ ਪੰਥ ਪਰਗਟ ਕਰਨ ਸਮੇਂ, ਅਤੇ ਅੰਮ੍ਰਿਤ ਦੀ ਦਾਤਿ ਪੰਜਾਂ ਪਿਆਰਿਆਂ ਨੂੰ ਪ੍ਰਦਾਨ ਕਰਨ ਸਮੇਂ ਸੱਚ ਮੁਚ ਪੰਜਾਂ ਦੇ ਸੀਸ ਉਤਾਰ ਕੇ ਫੇਰ ਉਨ੍ਹਾਂ ਨੂੰ ਸੁਰਜੀਤ ਕੀਤਾ, ਨਵ-ਜੀਵਨੀ ਜੀਵਨ ਬਖਸ਼ਿਆ ਅਤੇ ਅਮਰ ਕਰ ਦਿਤਾ। ਇਸ ਵਿਚ ਰੰਚਕ ਵੀ ਸੰਦੇਹ ਨਹੀਂ ਕਿ ਦੇਹੋਂ ਬਿਦੇਹ ਕੀਤੇ ਬਾਝੋਂ ਅੰਮ੍ਰਿਤ-ਕਲਾ ਵਰਤਦੀ ਹੀ ਨਹੀਂ। ਚੋਜੀ ਸਤਿਗੁਰੂ ਨੇ ਸੱਚਾ ਚਲਤ ਅਮਰ ਵਰਤਾਉਣ ਦਾ ਵਰਤਾਇਆ। **ਬਕਰੇ ਵਢਣ ਦੇ ਪਰਪੰਚ ਰਚਣ ਦੀ ਸਤਿਗੁਰੂ ਸਤਿਵਾਦੀ ਨੂੰ ਕੀ ਲੋੜ ਸੀ ?** ਇਹ ਸਭ ਝੂਠ ਲਿਖਤ ਲਿਖੀ ਹੈ ਲਿਖਣ-ਹਾਰਿਆਂ ਨੇ।

ਭਲਾ ਜੇ ਪੰਜ ਬਕਰੇ ਹੀ ਝਟਕਾਏ ਮੰਨ ਲਏ ਜਾਣ ਤਾਂ ਇਨ੍ਹਾਂ ਦੇ ਝਟਕਾਉਣ ਦਾ ਨਮਿੱਤ ਕਾਰਨ ਕਿਸੇ ਬਿਧ ਭੀ ਮਾਸ ਖਾਣਾ ਸਿਧ ਨਹੀਂ ਹੁੰਦਾ। ਅਰਥਾਤ ਸ੍ਰੀ ਦਸਮੇਸ਼ ਜੀ ਨੇ ਇਹ ਬਕਰੇ ਏਸ ਸਮੇਂ ਮਾਸ ਖਾਣ ਲਈ ਨਹੀਂ ਸਨ ਝਟਕਾਏ। ਨਾ ਹੀ ਕਿਸੇ ਸਾਖੀ ਤੋਂ ਇਸ ਗੱਲ ਦੀ ਸਾਖਾ ਮਿਲਿਦੀ ਹੈ ਕਿ ਉਕਤ ਬਕਰਿਆਂ ਨੂੰ ਝਟਕ ਕੇ ਲੰਗਰ ਵਿਚ ਵਰਤਿਆ ਗਿਆ ਅਤੇ ਉਨ੍ਹਾਂ ਦਾ ਮਾਸ ਰਿੰਨ੍ਹ ਕੇ ਖਾਧਾ ਗਿਆ।

ਸੋ ਸਾਫ਼ ਸਿੱਧ ਹੈ ਕਿ ਜੇ ਭਲਾ ਬਕਰੇ ਵਢੇ ਮੰਨ ਵੀ ਲਈ ਜਾਣ ਤਾਂ ਉਨ੍ਹਾਂ ਦੇ ਵਢਣ ਦਾ ਨਮਿੱਤ ਕਾਰਨ ਮਾਸ ਖਾਣਾ ਨਹੀਂ। ਨਮਿੱਤ ਕਾਰਨ ਜੋ ਹੈ, ਸੋ ਸਾਖੀਆਂ ਤੋਂ ਸਪਸ਼ਟ ਹੈ ਅਤੇ ਪੰਥ-ਪ੍ਰਸਿਧ ਹੈ।

[ਭਾ: ਸਾ: ਰਣਧੀਰ ਸਿੰਘ ਲਿਖਤ ਪੁਸਤਕ "ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ" ਵਿਚੋਂ



www.AKJ.Org

# ਧਾਰਿ ਕ੍ਰਿਪਾ ਪ੍ਰਭ ਹਾਥ ਦੇ ਰਾਖਿਆ

[ਸ: ਹਰਿੰਦਰ ਸਿੰਘ ਜੀ, ਨਵੀਂ ਦਿੱਲੀ]

ਸ੍ਰੀਮਤੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਦਿੱਲੀ ਤੇ ਭਾਰਤ ਦੇ ਹੋਰ ਨਗਰਾਂ ਵਿਚ ਸਿੱਖਾਂ ਦੀ ਜੋ ਕਤਲੇ-ਆਮ ਕੀਤੀ ਗਈ, ਉਹ ਹਾਲੀਂ ਤੱਕ ਅਣ-ਕਹੀ ਦਾਸਤਾਨ ਹੀ ਹੈ। ਨਿਰਪੱਖ ਕਮਿਸ਼ਨਾਂ—(ਪੀ. ਯੂ. ਡੀ. ਆਰ. ਤੇ ਪੀ. ਯੂ. ਸੀ. ਐਲ. ਅਤੇ ਸਿਟੀਜ਼ਨ ਕਮਿਸ਼ਨ) ਵੱਲੋਂ ਤਿਆਰ ਕੀਤੀਆਂ ਰਿਪੋਰਟਾਂ ਭਾਵੇਂ ਇਸ ਕਤਲੇ-ਆਮ ਸੰਬੰਧੀ ਕੁਝ ਤੱਥ ਸਾਹਮਣੇ ਲਿਆਉਂਦੀਆਂ ਹਨ, ਪਰੰਤੂ ਹਾਲੀਂ ਬਹੁਤ ਕੁਝ ਇਕੱਤਰ ਕਰਨਾ ਬਾਕੀ ਹੈ। ਹਰ ਘਟਨਾ ਇਕ ਤੋਂ ਇਕ ਵੱਧ ਹਿਰਦੇ-ਵੇਧਕ ਹੈ। ਹੇਠਾਂ ਅਸੀਂ ਇਕ ਨੌਜੁਆਨ ਗੁਰਸਿੱਖ ਦੀ ਹੱਡ-ਬੀਤੀ ਦੇ ਰਹੇ ਹਾਂ। —ਸੰਪਾਦਕ

੩੧ ਅਕਤੂਬਰ ੧੯੮੪ ਦੁਪਹਿਰ ਤੱਕ ਸ੍ਰੀਮਤੀ ਇੰਦਰਾ ਗਾਂਧੀ ਦੇ ਕਤਲ ਦੀ ਖ਼ਬਰ ਸਾਰੀ ਦਿੱਲੀ ਵਿਚ ਫੈਲ ਚੁੱਕੀ ਸੀ, ਭਾਵੇਂ ਇਸ ਖ਼ਬਰ ਦਾ ਸਰਕਾਰੀ ਤੌਰ ਤੇ ਐਲਾਨ ਕਾਫ਼ੀ ਬਾਅਦ ਵਿਚ ਸ਼ਾਮ ਨੂੰ ਹੋਇਆ। ਮੈਂ ਉਸ ਵਕਤ ਲਾਜਪਤ ਨਗਰ ਟੈਲੀਵੀਜ਼ਨ ਦੀ ਦੁਕਾਨ ਤੇ ਕੰਮ ਕਰ ਰਿਹਾ ਸਾਂ। ਸ਼ਾਮ ੪ ਵਜੇ ਤੱਕ ਗੜਬੜ ਹੋਣ ਦੀਆਂ ਖ਼ਬਰਾਂ ਆਉਣੀਆਂ ਸ਼ੁਰੂ ਹੋ ਗਈਆਂ। ਭਾਵੇਂ ਰੁਟੀਨ ਵਿਚ ਮੈਨੂੰ ਕੰਮ ਤੇ ਰਾਤ ਦੇ ੧੧ ਵੱਜ ਹੀ ਜਾਂਦੇ ਹਨ, ਪਰ ਉਸ ਰਾਤ ਮੈਂ ਅੱਠ ਵਜੇ ਹੀ ਘਰ ਵਲ ਤੁਰ ਪਿਆ। ਮੇਰੇ ਨਾਲ ਮੇਰਾ ਹਿੰਦੂ ਦੋਸਤ ਸੀ ਤੇ ਅਸੀਂ ਸਕੂਟਰ ਤੇ ਜਿਉਂ ਹੀ ਡੀਫੈਂਸ ਕਾਲੋਨੀ ਲਾਗੇ ਚੌਂਕ ਵਿਚ ਲਾਲ ਬੱਤੀ ਹੋਣ ਕਰਕੇ ਰੁਕੇ, ਸਾਨੂੰ ਆਲੇ-ਦੁਆਲੇ ਖ਼ੂਨੀ ਦਰਿੰਦਿਆਂ ਦੀ ਭੀੜ ਦਿਖਾਈ ਦਿੱਤੀ। ਸਾਡੇ ਰੁਕਣ ਦੀ ਦੇਰ ਸੀ ਕਿ ਭੀੜ ਸ਼ਿਕਾਰ ਹੱਥ ਆਇਆ ਜਾਣ ਸਾਡੇ ਤੇ ਟੁੱਟ ਪਈ। ਮੇਰੇ ਚਾਰੇ ਪਾਸੇ ੨੦੦੦ ਦੇ ਕਰੀਬ ਨੌਜੁਆਨ ਹਿੰਦੂ ਮੁੰਡੇ ਇਸ ਚੌਂਕ ਵਿਚ ਸਿੱਖਾਂ ਦਾ ਸ਼ਿਕਾਰ ਕਰਨ ਲਈ ਲਾਠੀਆਂ, ਸਰੀਏ, ਮੋਟਰ-ਸਾਈਕਲਾਂ ਦੀਆਂ ਚੇਨਾਂ ਆਦਿ ਲੈ ਕੇ ਖੜੇ ਸਨ। ਮੇਰੇ ਦੋਸਤ ਨੇ ਅੱਗੇ ਆ ਕੇ ਮੈਨੂੰ ਬਚਾਣ ਦੀ ਕੋਸ਼ਿਸ਼ ਕੀਤੀ, ਪਰ ਕੁਝ ਸ਼ਰਾਰਤੀਆਂ ਨੇ ਉਸਨੂੰ ਪਾਸੇ ਹੱਟ ਜਾਣ ਲਈ ਕਿਹਾ। ਉਸਦੇ ਨਾਂਹ ਕਰਨ ਤੇ ਉਨ੍ਹਾਂ ਨੇ ਉਸਦੇ ਹੱਥਾਂ ਤੇ ਜਲਦੀਆਂ ਸਿਗਰਟਾਂ ਲਗਾਈਆਂ ਤੇ ਕੁਝ ਹੂਰੇ ਵੀ ਮਾਰੇ। ਇਸ ਹਾਲਤ ਵਿਚ ਮੈਂ ਉਸਨੂੰ ਸਕੂਟਰ ਲੈ ਕੇ ਖਿਸਕ ਜਾਣ ਦਾ ਇਸ਼ਾਰਾ ਕਰ ਦਿੱਤਾ। ਉਹ ਬੁਝੇ ਹੋਏ ਦਿਲ ਨਾਲ ਮੈਨੂੰ ਜਮਦੂਤਾਂ ਕੋਲ ਛੱਡ ਕੇ ਮੇਰੇ ਘਰ ਇਤਲਾਹ ਦੇਣ ਚਲਾ ਗਿਆ।

ਮੈਂ ਹੁਣ ਤਕੜੀ ਭੀੜ ਦੇ ਦਰਮਿਆਨ ਆਪਣੇ ਆਪ ਨੂੰ ਕਿਸਮਤ ਦੇ ਹਵਾਲੇ ਕਰ ਰਿਹਾ ਸਾਂ। ਭੀੜ ਨੇ ਮੇਰੀ ਘੜੀ, ਬਟੂਆ ਤੇ ਹੋਰ ਸਮਾਨ ਖੋਹ ਲਿਆ ਤੇ ਮੇਰੀ ਪੱਗ ਲਾਹ ਕੇ ਸਾੜ ਦਿੱਤੀ। ਫਿਰ ਉਨ੍ਹਾਂ ਮੈਨੂੰ ਕੁੱਟਣਾ ਸ਼ੁਰੂ ਕੀਤਾ—ਕੋਈ ਸਰੀਏ ਨਾਲ ਮਾਰ ਰਿਹਾ ਸੀ ਤੇ ਕੋਈ ਚੇਨ ਨਾਲ। ਮੈਂ ਬੇਵਸ ਹੋਇਆ ਉਨ੍ਹਾਂ ਦੀ ਮਾਰ ਖਾਈ ਜਾ ਰਿਹਾ ਸਾਂ। ਉਸੀ ਵਕਤ ਇਕ ਬੱਸ ਚੌਂਕ ਵਿਚ ਲਾਲ ਬੱਤੀ ਹੋਣ ਕਰਕੇ ਰੁਕੀ। ਬੱਸ ਦਾ ਤੇ ਮੇਰਾ ਫ਼ਾਸਲਾ ਬਹੁਤ ਥੋੜਾ ਸੀ। ਮੈਂ ਫੁਰਤੀ ਨਾਲ ਅਗਲੀ ਬਾਰੀ ਰਾਹੀਂ ਬੱਸ ਤੇ ਚੜ੍ਹ ਗਿਆ। ਤੇ ਡਰਾਈਵਰ ਨੂੰ ਬੱਸ ਭਜਾ ਕੇ ਲੈ ਜਾਣ ਲਈ ਤਰਲਾ ਕੀਤਾ। ਪਰ ਭੀੜ ਵਿਚੋਂ ਕਿਸੇ ਵਾਕਫ਼ਕਾਰ ਦੇ ਇਸ਼ਾਰਾ ਕਰਨ ਤੇ ਡਰਾਈਵਰ ਨੇ ਬੱਸ ਬੰਦ ਕਰ ਦਿੱਤੀ। ਕੁਝ ਸ਼ਰਾਰਤੀ ਬੱਸ ਵਿਚ ਆ ਚੜ੍ਹੇ। ਇਕ ਨੇ ਮੇਰੀ ਲਾਗਲੀ ਖਿੜਕੀ ਤੇ ਬਾਹਰੋਂ ਸਰੀਆ ਮਾਰ ਕੇ ਸ਼ੀਸ਼ਾ ਭੰਨ ਦਿੱਤਾ ਤੇ ਮੇਰੇ ਉੱਪਰ ਸ਼ੀਸ਼ੇ ਦੇ ਟੁਕੜੇ ਵੱਜੇ ਤੇ ਕਈ ਥਾਈਂ ਖ਼ੂਨ ਰਿੱਸਣਾ ਸ਼ੁਰੂ ਹੋ ਗਿਆ। ਕੁਝ ਨੇ ਮੇਰੇ ਕੇਸਾਂ ਤੋਂ ਫੜ ਕੇ ਘੜੀਸਦਿਆਂ ਹੋਇਆਂ ਮੈਨੂੰ ਬੱਸ ਤੋਂ ਹੇਠਾਂ ਉਤਾਰ ਲਿਆ। ਮੈਂ ਹੁਣ ਫਿਰ ਦਰਿੰਦਿਆਂ ਦੇ ਚੁੰਗਲ ਵਿਚ ਸਾਂ, ਮੇਰਾ ਬਚਾਓ ਦਾ ਇਕ ਜਤਨ ਅਸਫਲ ਹੋ ਗਿਆ ਸੀ।



www.AKJ.Org

ਫਿਰ ਉਹੀ ਕੁੱਟ-ਮਾਰ ਸ਼ੁਰੂ ਹੋ ਗਈ। ਏਨੇ ਨੂੰ ਪੁੱਲ ਵੱਲ ਮੈਨੂੰ ਕੁਝ ਪੁਲੀਸਮੈਨ ਦਿਖਾਈ ਦਿੱਤੇ। ਮੈਂ ਭੀੜ ਵਿਚੋਂ ਮਸੀਂ ਭੱਜ ਕੇ ਉਨ੍ਹਾਂ ਪਾਸ ਬਚਾਓ ਲਈ ਮਿੰਨਤ ਕੀਤੀ। ਪਰ ਬਚਾਓ ਦੀ ਥਾਂ ਉਨ੍ਹਾਂ ਨੇ ਇਕ ਸੋਟੀ ਮੇਰੇ ਢਿੱਡ ਵਿਚ ਮਾਰ ਦਿੱਤੀ। ਭੀੜ ਵਾਲੇ ਵੀ ਉਥੇ ਅੱਪੜ ਗਏ ਤੇ ਉਨ੍ਹਾਂ ਨੇ ਮੈਨੂੰ ਰੱਜ ਕੇ ਕੁੱਟਣਾ ਸ਼ੁਰੂ ਕਰ ਦਿੱਤਾ। ਮੇਰੇ ਸਿਰ 'ਚੋਂ ਖ਼ੂਨ ਵਗ ਰਿਹਾ ਸੀ ਤੇ ਮੈਂ ਸੜਕ ਤੇ ਚੌਫਾਲ ਡਿੱਗ ਪਿਆ। ਕੁਝ ਮੇਰੇ ਹੱਥਾਂ ਤੇ ਚੜ੍ਹ ਕੇ ਨੱਚਣ ਲੱਗ ਪਏ। ਮੈਂ ਅੱਧ-ਮੋਇਆ ਹੋਇਆ ਉਨ੍ਹਾਂ ਦੀ ਮਾਰ ਸਹਿ ਰਿਹਾ ਸਾਂ। ਮੇਰੇ ਪਾਸ ਉੱਠ ਸਕਣ ਦੀ ਹਿੰਮਤ ਵੀ ਖ਼ਤਮ ਹੋ ਚੁੱਕੀ ਸੀ। ਭੀੜ ਅੱਠਾਂ ਕੁ ਮੁੰਡਿਆਂ ਨੂੰ ਉਥੇ ਛੱਡ ਕੇ ਹੋਰ ਸ਼ਿਕਾਰ ਭਾਲਣ ਵਿਚ ਰੁੱਝ ਗਈ। ਉਸੀ ਵਕਤ ਉਹ ਮੈਨੂੰ ਉਥੇ ਹੀ ਸਾੜ ਦੇਣ ਲਈ ਕੁਝ ਲਕੜਾਂ ਤੇ ਨਵੇਂ ਸ਼ਿਕਾਰ ਦੇ ਕਾਬੂ ਕੀਤੇ ਸਕੂਟਰ 'ਚੋਂ ਪੈਟਰੋਲ ਕੱਢ ਕੇ ਮੇਰੇ ਲਾਗੇ ਲੈ ਆਏ। ਮੈਨੂੰ ਆਪਣੀ ਜ਼ਿੰਦਗੀ ਦਾ ਅੰਤ ਬਿਲਕੁਲ ਨੇੜੇ ਦਿਖਾਈ ਦਿੱਤਾ। ਇਕ ਪਲ ਲਈ ਮੈਂ ਸਤਿਗੁਰੂ ਜੀ ਅੱਗੇ ਅਰਦਾਸ ਕੀਤੀ। ਉਸੀ ਪਲ ਮੈਨੂੰ ਇਕ ਫੁਰਨਾ ਫੁਰਿਆ। ਮੈਂ ਇਹ ਸੋਚ ਕੇ ਕਿ ਮਰੇ ਤਾਂ ਪਏ ਹੀ ਹਾਂ, ਆਪਣੀ ਗਾਤਰੇ ਵਾਲੀ ੬ ਇੰਚੀ ਕਿਰਪਾਨ ਮਿਆਨੋਂ ਕੱਢ ਕੇ, ਆਪਣੀ ਪੂਰੀ ਸ਼ਕਤੀ ਨਾਲ ਖੜਾ ਹੋਣ ਦੀ ਕੋਸ਼ਿਸ਼ ਕਰ ਕੇ, ਲਾਗੇ ਖੜੇ ਮੁੰਡੇ ਦੇ ਢਿੱਡ ਵਿਚ ਖੋਭ ਦਿੱਤੀ। ਉਹ ਚੰਘਾੜਦਾ ਹੋਇਆ ਪਿਛਾਂਹ ਹੱਟ ਗਿਆ। ਮੈਂ ਵਾਹੋ ਦਾਹੀ ਕਿਰਪਾਨ ਘੁਮਾਣੀ ਸ਼ੁਰੂ ਕੀਤੀ, ਸਾਰੇ ਮੁੰਡੇ ਲਾਂਭੇ ਹੱਟ ਗਏ।

ਮੈਂ ਮੌਤ ਨਾਲ ਜੂਝਣ ਲਈ ਆਪਣੀਆਂ ਸਾਰੀਆਂ ਸ਼ਕਤੀਆਂ ਜੁਟਾਈਆਂ ਹੋਈਆਂ ਸਨ। ਸਤਿਗੁਰੂ ਜੀ ਦੀ ਬਖਸ਼ੀ ਇਸ ਸ਼ਕਤੀ ਅੱਗੇ ਉਹ ਮੁੰਡੇ ਟਿਕ ਨਾ ਸਕੇ। ਉਸੇ ਵਕਤ ਇਕ ਗੜ੍ਹਵਾਲੀਆ ਮੁੰਡਾ ਉਥੇ ਆਇਆ। ਮੈਂ ਉਸਨੂੰ ਪੂਰੇ ਰੋਹਬ ਨਾਲ ਕੋਈ ਰਾਹ ਪੁੱਛਿਆ। ਉਸਨੇ ਮੈਨੂੰ ਲਾਗਲੀਆਂ ਗਲੀਆਂ ਵੱਲ ਭੱਜ ਜਾਣ ਦਾ ਇਸ਼ਾਰਾ ਕੀਤਾ। ਮੈਂ ਵਾਹੋ-ਦਾਹੀ ਨੱਠ ਉਠਿਆ। ਹੁਣ ਮੈਂ ਸੋਚਦਾ ਹਾਂ ਕਿ ਉਸ ਫੱਟੜ ਤੇ ਅਧਮੋਈ ਹਾਲਤ ਵਿਚ ਮੇਰੇ ਪਾਸ ਇਤਨੀ ਸ਼ਕਤੀ ਕਿੱਥੋਂ ਆ ਗਈ? ਪਰ ਇਹ ਸਤਿਗੁਰੂ ਜੀ ਦੀ ਆਪਣੀ ਸ਼ਕਤੀ ਸੀ। ਮੈਂ ਉਸ ਵਕਤ ਇਤਨੀ ਤੇਜ਼ ਭੱਜਿਆ, ਜਿਤਨੀ ਤੇਜ਼ ਮੈਂ ਸਾਰੀ ਜ਼ਿੰਦਗੀ ਨਹੀਂ ਭੱਜਿਆ ਹੋਵਾਂਗਾ। ਮੈਂ ਚਾਰ-ਪੰਜ ਗਲੀਆਂ ਪਾਰ ਕਰ ਚੁੱਕਾ ਸਾਂ ਤੇ ਅਖ਼ੀਰ ਇਕ ਥਾਂ ਤੇ ਮੈਂ ਚੌਫਾਲ ਡਿੱਗ ਪਿਆ। ਲਾਗਲੇ ਘਰ ਵਾਲਾ ਬਾਹਰ ਨਿਕਲਿਆ, ਪਰ ਮੈਂ ਆਪਣੀ ਕਿਰਪਾਨ ਦਿਖਾ ਕੇ ਉਸਨੂੰ ਭੱਜ ਜਾਣ ਦਾ ਡਰਾਵਾ ਦਿੱਤਾ। ਉਹ ਵਿਅਕਤੀ, ਜੋ ਕਿ ਜੱਟ-ਸਿੱਖ ਸੀ, ਅੰਦਰੋਂ ਪੱਗ ਬੰਨ੍ਹ ਕੇ ਫਿਰ ਮੇਰੇ ਪਾਸ ਆਇਆ ਤੇ ਮੈਨੂੰ ਪੂਰੀ ਹਮਦਰਦੀ ਜਤਾਂਦਿਆਂ ਘਰ ਦੇ ਅੰਦਰ ਲੈ ਗਿਆ। ਗੜ੍ਹਵਾਲੀਆ ਮੁੰਡਾ ਵੀ ਮੇਰੀ ਤਰਸ-ਯੋਗ ਹਾਲਤ ਦੇਖ ਕੇ ਮੇਰੇ ਪਿੱਛੇ ਹੀ ਨੱਠ ਪਿਆ ਸੀ ਤੇ ਉਹ ਵੀ ਉਥੇ ਅੱਪੜ ਗਿਆ। ਘਰ ਦੀਆਂ ਬੱਤੀਆਂ ਬੰਦ ਕਰ ਕੇ ਮੈਨੂੰ ਅੰਦਰ ਲਿਟਾ ਦਿੱਤਾ ਗਿਆ। ਮੇਰੇ ਸਾਰੇ ਕੱਪੜੇ ਫਟ ਚੁੱਕੇ ਸਨ, ਸਿਰ ਅਤੇ ਹੋਰ ਸਰੀਰ ਦੇ ਕਈ ਹਿੱਸਿਆਂ 'ਚੋਂ ਖ਼ੂਨ ਵੱਗ ਰਿਹਾ ਸੀ। ਮੈਂ ਬੇਸੁਧ ਪਿਆ ਰਿਹਾ। ਗੜ੍ਹਵਾਲੀਆ ਮੁੰਡਾ ਲਾਗਿਓਂ ਹੀ ਦੋ ਹੋਰ ਮੁੰਡੇ ਵੀ ਮੇਰੀ ਮਦਦ ਲਈ ਲੈ ਆਇਆ। ਉਹ ਮੇਰੇ ਘਰ ਵੀ ਜਾ ਕੇ ਮੇਰੇ ਜ਼ਿੰਦਾ ਹੋਣ ਦੀ ਖ਼ਬਰ ਦੱਸ ਆਇਆ। ਪਰ ਘਰ ਵਾਲਿਆਂ ਨੂੰ ਇਤਬਾਰ ਕਿਵੇਂ ਆਵੇ? ਮੇਰੇ ਦੋਸਤ ਵੱਲੋਂ ਘਰ ਸੁਨੇਹਾ ਦੇਣ ਦੇ ਤੁਰੰਤ ਬਾਅਦ ਜਦੋਂ ਮੇਰੇ ਮਾਤਾ ਜੀ ਕਿਸੇ ਗੁਆਂਢੀ ਦੀ ਮਦਦ ਨਾਲ ਉਥੇ ਚੌਕ ਵਿਚ ਪਹੁੰਚੇ ਸਨ ਤਾਂ ਇਕ ਸਿੱਖ ਨੌਜੁਆਨ ਦੇ ਸੜ ਰਹੇ ਸਰੀਰ ਨੂੰ ਉਹ ਖ਼ੁਦ ਦੇਖ ਗਏ ਸਨ। ਸਾਰੇ ਘਰ ਵਿਚ ਤਾਂ ਸੋਗ ਵਰਤ ਚੁੱਕਾ ਸੀ।

ਜਦ ਇਹ ਘਟਨਾ ਮੇਰੇ ਨਾਲ ਵਾਪਰ ਰਹੀ ਸੀ ਤਾਂ ਮੇਰੇ ਘਰ ਵਿਚ ਇਕ ਤਾਂ ਮਾਤਮ ਛਾਇਆ ਹੋਇਆ ਸੀ, ਦੂਸਰਾ ਮੇਰੇ ਪਿਤਾ ਜੀ ਘਰੋਂ ਬਾਹਰ ਹੀ ਕਿਸੀ ਦੂਸਰੀ ਕਾਲੋਨੀ ਵਿਚ ਘਿਰੇ ਹੋਏ ਸਨ। ਜਦ ਉਹਨਾਂ ਨੇ ਘਰ ਫ਼ੋਨ ਕਰ ਕੇ ਪੁਛਿਆ ਕਿ ਹਰਿੰਦਰ ਸਿੰਘ ਘਰ ਆਇਆ ਹੈ ਕਿ ਨਹੀਂ? ਪਰ ਘਰ ਵਾਲਿਆਂ ਨੇ ਕੋਈ ਜਵਾਬ ਨਾ ਦਿਤਾ ਤਾਂ ਉਹ ਸਮਝ ਗਏ ਕਿ ਮੇਰੀ ਮੌਤ ਹੋ ਚੁਕੀ ਹੈ। ਪਿਤਾ ਜੀ ਨੇ ਮੇਰੇ ਮੰਮੀ ਨੂੰ ਹੌਸਲਾ ਦਿਵਾਇਆ


www.AKJ.Org

ਕਿ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਚਾਰੇ ਸਾਹਿਬਜ਼ਾਦੇ ਕੁਰਬਾਨ ਕਰ ਦਿਤੇ--ਮੇਰੇ ਪਾਸ ਇਹ ਇਕ ਹੀ ਹੈ ਜੋ ਕੁਰਬਾਨ ਹੋ ਗਿਆ ਤਾਂ ਕੋਈ ਗੱਲ ਨਹੀਂ।

ਇਧਰ ਮੇਰੀ ਹਾਲਤ ਵੀ ਠੀਕ ਨਹੀਂ ਸੀ। ਮੇਰੇ ਲਾਗਲੇ ਗੜ੍ਹਵਾਲੀ ਤੇ ਦੂਸਰੇ ਮੁੰਡਿਆਂ ਨੇ ਮੈਨੂੰ ਰਾਤ ਨੂੰ ਹੀ ਘਰ ਪੁਚਾਣ ਦਾ ਜ਼ਿੰਮਾ ਲੈ ਲਿਆ। ਮੈਂ ਕੰਬਲ ਲਪੇਟ ਉਨ੍ਹਾਂ ਦੀ ਮਦਦ ਨਾਲ ਰਾਤ ਦੋ ਵਜੇ ਘਰ ਪੁੱਜਾ। ਮੈਨੂੰ ਜ਼ਿੰਦਾ ਦੇਖ ਕੇ ਸਭ ਨੂੰ ਹੈਰਾਨੀ ਜ਼ਰੂਰ ਹੋਈ। ਮੇਰੇ ਇਲਾਜ ਲਈ ਲਾਗਲੇ ਡਾਕਟਰ ਨੂੰ ਬੁਲਾਇਆ ਗਿਆ। ਪਰ ਮੁਤੱਸਬ ਸ਼ਾਇਦ ਉਸ ਤੇ ਵੀ ਅਸਰ ਕਰ ਗਿਆ ਸੀ। ਉਹ ਟਾਲ-ਮਟੋਲ ਕਰਨ ਲੱਗਾ। ਪਰ ਗੁਆਂਢੀਆਂ ਦੇ ਬਹੁਤਾ ਜ਼ੋਰ ਦੇਣ ਤੇ ਉਸਨੂੰ ਮੁੱਢਲੀ ਸਹਾਇਤਾ ਦੇਣੀ ਹੀ ਪਈ। ਮੈਂ ਕਾਫ਼ੀ ਸਮਾਂ ਬੇਸੁਧ ਹੀ ਰਿਹਾ। ਹੌਲੀ ਹੌਲੀ ਮੈਂ ਸਤਿਗੁਰੂ ਜੀ ਦੀ ਰਹਿਮਤ ਸਦਕਾ ਮਹੀਨੇ ਕੁ ਵਿਚ ਤੰਦਰੁਸਤ ਹੋ ਗਿਆ। ਪਰ ਇਸ ਖ਼ੂਨੀ ਸਾਕੇ ਦੇ ਨਿਸ਼ਾਨ ਮੇਰੇ ਸਰੀਰ ਤੇ ਸਦਾ ਲਈ ਰਹਿ ਗਏ ਹਨ।

ਇਸ ਤਰ੍ਹਾਂ ਦੇ ਖ਼ੂਨੀ ਮਾਹੌਲ ਵਿਚੋਂ ਮੇਰਾ ਜ਼ਿੰਦਾ ਬੱਚ ਨਿਕਲਣਾ ਮੇਰੀ ਸਿਆਣਪ ਨਹੀਂ, ਬਲਕਿ ਸਤਿਗੁਰੂ ਜੀ ਦੀ ਬਖਸ਼ਿਸ਼ ਹੈ, ਜਿਨ੍ਹਾਂ ਨੇ ਆਪ ਜ਼ਾਹਰੀ ਕਲਾ ਵਰਤਾ ਕੇ ਮੈਨੂੰ ਸਮਰੱਥਾ ਤੇ ਫੁਰਨਾ ਬਖਸ਼ਿਆ, ਜਿਸ ਨਾਲ ਸਤਿਗੁਰੂ ਜੀ ਦੀ ਬਖਸ਼ੀ ਸਿਰੀ ਸਾਹਿਬ ਮੇਰੇ ਬਚ ਸਕਣ ਲਈ ਸਾਧਨ ਬਣ ਸਕੀ। ਇਸ ਘਟਨਾ ਨੇ ਮੇਰੇ ਗੁਰਸਿੱਖੀ ਰਹਿਤ-ਰਹਿਣੀ ਵਿਚ ਵਿਸ਼ਵਾਸ ਨੂੰ ਹੋਰ ਪੱਕਿਆਂ ਕੀਤਾ ਹੈ।

## ਖੜਤਾਲਾਂ ਹੀ ਖੜਤਾਲਾਂ

ਦਾਸਰਾ ਪਹਿਲੀ ਵਾਰ ਅਖੰਡ ਕੀਰਤਨੀ ਜਥੇ ਦੇ ਸਮਾਗਮ ਤੇ ਚੰਡੀਗੜ੍ਹ ਗਿਆ। ਕੀਰਤਨ-ਗੂੰਜਾਰਾਂ ਪੈਂਦੀਆਂ ਸੁਣਨ ਦਾ ਬੜਾ ਚਾਉ-ਉਮਾਉ ਸੀ। ਇਸੇ ਚਾਅ ਵਿਚ ਟੇਪ-ਰੀਕਾਰਡਰ ਨਾਲ ਲਿਆ ਅਤੇ ਕਈ ਕੈਸਟਾਂ ਕੀਰਤਨ ਭਰਨ ਲਈ ਰਖ ਲਈਆਂ, ਤਾਕਿ ਇਹ ਅਲੌਕਿਕ ਕੀਰਤਨ ਆਪਣੇ ਪਰਵਾਰ ਦੇ ਜੀਆਂ ਨੂੰ ਵੀ ਸ੍ਰਵਣ ਕਰਵਾ ਸਕਾਂ।

ਦਾਸ ਕੀਰਤਨ-ਸਮਾਗਮ ਵਿਚ ਹਾਜ਼ਰ ਹੋਇਆ ਅਤੇ ਰੰਗ-ਰੰਗੀਲੇ ਸਿੰਘਾਂ ਦੇ ਉਮਡ ਉਮਡ ਪੈਂਦੇ ਹੁਲਾਰਿਆਂ ਨੂੰ ਵੇਖ ਵੇਖ ਚਕ੍ਰਿਤ ਹੋਇਆ। ਦਾਸ ਨੇ ਛੇ ਸਤ ਕੈਸਟਾਂ ਕੀਰਤਨ ਦੀਆਂ ਭਰ ਕੇ ਘਰ ਲੈ ਆਂਦੀਆਂ।

ਸਾਰੇ ਪਰਵਾਰ ਦੇ ਜੀਅ ਕੀਰਤਨ ਸੁਣਨ ਲਈ ਇਕੱਠੇ ਹੋ ਗਏ। ਜਿਉਂ ਹੀ ਕੈਸਟ ਸ਼ੁਰੂ ਹੋਈ, ਸਾਰੇ ਹੈਰਾਨ ਹੀ ਹੁੰਦੇ ਜਾਣ, ਕਿਉਂਕਿ ਕੀਰਤਨ ਨਾਲੋਂ ਵਧੇਰੇ ਖੜਤਾਲਾਂ ਦੀ ਅਵਾਜ਼ ਸੀ। ਬਸ ਖੜਤਾਲਾਂ ਹੀ ਖੜਤਾਲਾਂ ਸਣਨ ਵਿਚ ਆਉਣ ਜਾਂ ਫਿਰ ਜੋਸ਼ ਵਿਚ ਆਏ ਘੁੰਮਰਾਂ ਪਾਂਦੇ ਪ੍ਰੇਮੀਆਂ ਦੀਆਂ ਗੂੰਜਾਂ ਗੂੰਜੀਦੀਆਂ ਸੁਣੀਣ। ਸਧਾਰਨ ਸ੍ਰੋਤਿਆਂ ਨੂੰ ਗੁਰਬਾਣੀ ਦੀਆਂ ਪੰਕਤੀਆਂ ਸਮਝਣ ਵਿਚ ਬੜੀ ਮੁਸ਼ਕਲ ਬਣੀ ਹੋਈ ਸੀ।

ਇਹ ਠੀਕ ਹੈ ਕਿ ਪਿਆਰ ਦੇ ਹਲੂਣੇ ਵਿਚ ਕਈ ਵਾਰ ਬੇਵਸੀ ਹੋ ਜਾਂਦੀ ਹੈ, ਪਰ ਫਿਰ ਵੀ ਹਾਜ਼ਰ ਸਮੂਹ ਗੁਰਸਿਖ ਸੰਗਤਾਂ ਦੀ ਸੁਰਤੀ ਬਿਰਤੀ ਨੂੰ ਨਾਲ ਜੋੜਨ ਲਈ ਇਸ ਗੱਲ ਦਾ ਖ਼ਿਆਲ ਰਖਿਆ ਜਾਵੇ ਕਿ ਖੜਤਾਲਾਂ ਤੇ ਹੋਰ ਸਾਜ਼ਾਂ ਦੀਆਂ ਅਵਾਜ਼ਾਂ, ਕੀਰਤਨੀ ਸਿੰਘਾਂ ਦੀ ਅਵਾਜ਼ ਤੋਂ ਥੋੜਾ ਮਧਮ ਹੀ ਰਖੀਆਂ ਜਾਣ, ਤਾਕਿ ਸਮੂਹ ਸੰਗਤਾ ਕੀਰਤਨ ਸ੍ਰਵਣ ਕਰਨ ਦਾ ਵਧ ਤੋਂ ਵਧ ਅਨੰਦ ਮਾਣ ਸਕਣ। ਦਾਸਰਾ–ਬਲਦੇਵ ਸਿੰਘ,ਊਧਮਪੁਰ, ਜੰਮੂ


## ਯੂ.ਕੇ. ਦੇ ਖ਼ਤਮ ਚੰਦੇ ਯੂ.ਕੇ. ਵਿਚ ਜਮ੍ਹਾ ਕਰਵਾਓ

ਯੂ.ਕੇ. ਇੰਗਲੈਂਡ ਵਿਚ ਜਿਨ੍ਹਾਂ ਪਾਠਕਾਂ ਨੂੰ ਚੰਦੇ ਖ਼ਤਮ ਹੋਣ ਦੀ ਇਤਲਾਹ ਮਿਲ ਚੁਕੀ ਹੈ, ਉਹ ਯੂ.ਕੇ. ਵਿਚ ਸ. ਗੁਰਨਾਮ ਸਿੰਘ ਜੀ, 10–Lambourne Grnds, Early, Reading–Berks ਪਾਸ ਆਪਣੇ ਚੰਦੇ ਜਮ੍ਹਾ ਕਰਵਾ ਦੇਣ ਦੀ ਕਿਰਪਾਲਤਾ ਕਰਨ ਜੀ।





www.AKJ.Org

# ਸਬਕ ਸਿਖਾਉਣ ਦੀ ਤਬਾਹੀ

## ਅਰੁਨ ਸ਼ੋਰੀ, ਮਸ਼ਹੂਰ ਅਖ਼ਬਾਰ ਨਵੀਸ ਵਲੋਂ ਕੁਝ ਤੱਥ ਦਿੱਲੀ ਦੇ ਫ਼ਸਾਦਾਂ ਸੰਬੰਧੀ

੧. ਸ੍ਰੀ ਮਤੀ ਇੰਦਰਾ ਗਾਂਧੀ ਨੂੰ ਤਕਰੀਬਨ ੯-੩੦ ਵਜੇ ੩੧ ਅਕਤੂਬਰ ਨੂੰ ਸਵੇਰੇ ਗੋਲੀ ਮਾਰੀ ਗਈ।

੨. ਸ਼ਾਮ ਦੇ ੫-੩੦ ਵਜੇ ਮੈਡੀਕਲ ਇੰਸਟੀਚਿਊਟ ਦੇ ਸਾਹਮਣੇ ਬੱਸਾਂ ਕਾਰਾਂ ਰੋਕ ਕੇ ਉਨ੍ਹਾਂ ਵਿਚੋਂ ਸਿੱਖਾਂ ਨੂੰ ਧੂਹ ਕੇ ਬਾਹਰ ਕੱਢ ਕੇ ਕੁਟਣਾ ਸ਼ੁਰੂ ਹੋ ਗਿਆ। ਪਰ ਹਿੰਸਾ ਇਸੇ ਇਲਾਕੇ ਤਕ ਸੀਮਤ ਸੀ।

੩. ਸ਼ਾਮ ਦੇ ੭-੮ ਵਜੇ ਫ਼ਸਾਦ ਵਧ ਗਏ ਤੇ ਲੁਟ-ਮਾਰ ਸ਼ੁਰੂ ਹੋ ਗਈ, ਪਰ ਇਹ ਦੱਖਣੀ ਦਿੱਲੀ ਦੀਆਂ ਚਾਰ ਪੰਜ ਅਬਾਦੀਆਂ ਤਕ ਹੀ ਜ਼ਿਆਦਾ ਕਰਕੇ ਸੀਮਤ ਸੀ।

੪. ਇਸ ਵਕਤ ਤਕ ਸਰਕਾਰ ਕੋਲ ੮-੧੦ ਘੰਟੇ ਹੋ ਚੁਕੇ ਸਨ, ਜਿਸ ਵਿਚ ਪੁਲੀਸ ਜਾਂ ਫ਼ੌਜ ਤਾਇਨਾਤ ਕੀਤੀ ਜਾ ਸਕਦੀ ਸੀ। ਇਹ ਹਿੰਸਾ ਉਸ ਥਾਂ ਉਤੇ ਹੋ ਰਹੀ ਸੀ ਜਿਥੇ ਕਿ ਸਾਰੀ ਸਰਕਾਰ ਬੈਠੀ ਹੋਈ ਸੀ, ਤਾਂ ਵੀ ਇਸ ਥਾਂ ਉਤੇ ਹਿੰਸਾ ਜਾਂ ਲੁਟ-ਮਾਰ ਰੋਕਣ ਦੀ ਪੁਲੀਸ ਨੇ ਕੋਈ ਕੋਸ਼ਿਸ਼ ਨਹੀਂ ਕੀਤੀ।

੫. ਅੰਦਰੂਨੀ ਰੱਖਿਆ ਲਈ ਇਕ ਸਰਕਾਰ ਦੀ ਸਕੀਮ ਹੁੰਦੀ ਹੈ, ਜਿਸ ਅਨੁਸਾਰ ਇਸ ਤਰ੍ਹਾਂ ਅਚਨਚੇਤ ਵਾਪਰੇ ਹਾਲਤਾਂ ਵਾਸਤੇ ਸਰਕਾਰੀ ਤੇ ਫੌਜੀ ਦਸਤਿਆਂ ਨੂੰ ਕੀ ਕਰਨਾ ਚਾਹੀਦਾ ਹੈ, ਉਸ ਬਾਰੇ ਹਦਾਇਤਾਂ ਹੁੰਦੀਆਂ ਹਨ। ਮਿਸਾਲ ਦੇ ਤੌਰ ਉਤੇ ਕਿਸ ਇਲਾਕੇ ਵਿਚ ਉਨ੍ਹਾਂ ਨੂੰ ਫੌਰਨ ਪੁਜਣਾ ਚਾਹੀਦਾ ਹੈ, ਕਿਹੜੀ ਕਿਸਮ ਦੀ ਸਵਾਰੀ ਵਰਤਣੀ ਚਾਹੀਦੀ ਹੈ, ਤੇ ਕਿਹੜਾ ਹਥਿਆਰ ਤੇ ਸਿੱਕਾ ਬਰੂਦ ਨਾਲ ਲਿਜਾਣਾ ਚਾਹੀਦਾ ਹੈ, ਆਦਿ। ਇਸ ਬਣੀ ਹੋਈ ਸਰਕਾਰੀ ਸਕੀਮ ਅਨੁਸ਼ਾਰ ੩੧ ਅਕਤੂਬਰ ਰਾਤ ਨੂੰ ਹੀ ਫੌਜ ਨੂੰ ਸਾਵਧਾਨ ਕਰ ਦਿੱਤਾ ਗਿਆ ਸੀ। ਇਕ ਖ਼ਬਰਾਂ ਭੇਜਣ ਵਾਲੀ ਏਜੰਸੀ ਅਨੁਸਾਰ ਹਥਿਆਰ-ਬੰਦ ਫੌਜੀ ਦਸਤੇ ਪੂਰੀ ਤਰ੍ਹਾਂ ਚੌਕਸ ਕਰ ਦਿਤੇ ਗਏ। ਕੁਝ ਸੈਂਕੜੇ ਫੌਜੀ ਥਰੀ-ਟਨ ਟਰੱਕਾਂ ਤੇ ਜੀਪਾਂ ਉਤੇ ੧੦੬ ਰਿਕਾਇਲਲੈਸ ਰਾਈਫਲਾਂ ਫਿਟ ਕੀਤੀਆਂ ਹੋਈਆਂ ਦੱਖਣੀ ਦਿੱਲੀ ਦੇ ਰਿੰਗ ਰੋਡ ਉਤੇ ਘੁੰਮਦੀਆਂ ਨਜ਼ਰ ਆਈਆਂ, ਜਿਨ੍ਹਾਂ ਵਿਚ ਆਰ. ਕੇ. ਪੁਰਮ ਤੇ ਮੋਤੀ ਬਾਗ ਸ਼ਾਮਿਲ ਹਨ।

੬, ਇਸ ਤੋਂ ਬਾਅਦ ਰਾਤੀਂ ੧੦-੧੧ ਵਜੇ ਹਿੰਸਾ ਘਟ ਗਈ ਤੇ ਰਾਤ ਸ਼ਾਂਤੀ ਨਾਲ ਲੰਘ ਗਈ।

੭. ੧ ਨਵੰਬਰ ਸਵੇਰ ਤਕ ਸਰਕਾਰ ਕੋਲ ੨੪ ਘੰਟੇ ਸਨ ਕਿ ਪੁਲੀਸ ਤੇ ਫ਼ੌਜੀ ਦਸਤੇ ਗੜਬੜ ਵਾਲੇ ਇਲਾਕੇ ਵਿਚ ਪੂਰੀ ਤਰ੍ਹਾਂ ਤਾਇਨਾਤ ਕਰ ਦਿਤੇ ਜਾਂਦੇ। ਇਸ ਦੇ ਉਲਟ ੧ ਨਵੰਬਰ ਸਵੇਰ ਨੂੰ ਪੁਲੀਸ ਤੇ ਫੌਜੀ ਦਸਤਿਆਂ ਦੀ ਗਸ਼ਤ ਘੱਟ ਨਜ਼ਰ ਆਉਣ ਲੱਗ ਪਈ।

੮. ੧ ਨਵੰਬਰ ਸਵੇਰ ੧੦ ਤੋਂ ਲੈ ਕੇ ੧੧-੩੦ ਤਕ ਹਿੰਸਾ ਇਕਦਮ ੨੦ ਅਬਾਦੀਆਂ ਵਿਚ ਫੈਲ ਗਈ। ਇਸ ਦਾ ਭਾਵ ਹੈ ਕਿ ਹਿੰਸਾ ਫੈਲਣ ਤੋਂ ਪਹਿਲਾਂ ਸਰਕਾਰ ਕੋਲ ੨੪ ਘੰਟੇ ਸਨ ਕਿ ਉਹ ਕਰਫੀਊ ਲਗਾ ਦਿੰਦੀ, ਫੌਜ ਇਲਾਕਿਆਂ ਵਿਚ ਭੇਜਦੀ, ਸ਼ਰਾਰਤੀਆਂ ਨੂੰ ਫੜਦੀ ਜਾਂ ਸ਼ਰਾਰਤੀ ਨੂੰ ਮੌਕੇ ਉਤੇ ਗੋਲੀ ਨਾਲ ਉਡਾਉਣ ਦਾ ਹੁਕਮ ਦੇ ਦਿੰਦੀ।

੯. ਇਸ ਤੋਂ ਬਾਅਦ ਭਾਰੀ ਮਾਤਰਾ ਵਿਚ ਸ਼ਰਾਬ ਵੰਡੀ ਗਈ ਤੇ ਅਫ਼ਵਾਹਾਂ ਫ਼ੈਲਾਈਆਂ ਗਈਆਂ। ਇਸ ਦੇ ਨਾਲ ਹੀ ਸਭ ਤੋਂ ਮਹੱਤਤਾ ਵਾਲੀ ਗੱਲ ਹੈ ਕਿ ਜੀਪਾਂ, ਸਕੂਟਰਾਂ, ਮੋਟਰ ਸਾਈਕਲਾਂ ਤੇ ਕਈ ਥਾਂ ਉਤੇ ਕਾਰਾਂ ਉਤੇ ਨੌਜੁਆਨ ਮੁੰਡੇ ਘੁੰਮ ਰਹੇ ਸਨ ਤੇ ਸਿੱਖਾਂ ਦੇ ਘਰ ਤੇ ਦੁਕਾਨਾਂ ਦੱਸੀਆਂ ਜਾ ਰਹੀਆਂ ਸਨ। ਇਹ ਕੁਝ ਚੋਣਾਂ ਦੀਆਂ ਲਿਸਟਾਂ ਤੇ ਰਾਸ਼ਨ ਕਾਰਡਾਂ ਦੀ ਮਦਦ ਨਾਲ ਕੀਤਾ ਜਾ ਰਿਹਾ ਸੀ।

੧੦. ਬਹੁਤੀਆਂ ਅਬਾਦੀਆਂ ਵਿਚ ਹਿੰਸਾ ਬਾਹਰੋਂ ਆਏ ਹੋਏ ਲੋਕਾਂ ਨੇ ਕੀਤੀ, ਜੋ ਕਿ ਕਈ ਥਾਵਾਂ ਉਤੇ ਬਹੁਤ ਦੂਰ ਦੂਰ ਤੋਂ ਲਿਆਂਦੇ ਗਏ ਸੀ।



www.AKJ.Org

੧੧. ਭਾਵੇਂ ਇਨ੍ਹਾਂ ਹਿੰਸਕ ਹਜੂਮਾਂ ਵਿਚ ਜ਼ਿਆਦਾ ਕਰਕੇ ਪਿੰਡਾਂ ਦੇ ਲੋਕ ਤੇ ਝੁਗੀ ਝੌਂਪੜੀਆਂ ਵਾਲੇ ਸ਼ਾਮਿਲ ਸਨ ਪਰ ਇਨ੍ਹਾਂ ਦੇ ਲੀਡਰ ਨਾਮੀ ਗੁੰਡੇ ਤੇ ਕਾਂਗਰਸ ਆਈ ਦੇ ਵਰਕਰ ਸਨ। ਜੋ ਲੋਕ ਬਚ ਗਏ ਹਨ ਉਨ੍ਹਾਂ ਨੇ ਵਿਸਥਾਰ ਸਹਿਤ ਇਨ੍ਹਾਂ ਲੀਡਰਾਂ ਦੇ ਨਾਮ ਆਦਿ ਦਸੇ ਹਨ। ਬਾਹਰੋਂ ਆਏ ਲੋਕ ਅਨਪੜ੍ਹ ਸਨ ਤੇ ਸ਼ਰਾਬ ਨਾਲ ਧੁਤ ਸਨ ਤੇ ਉਹ ਸਿੱਖਾਂ ਦੀਆਂ ਦੁਕਾਨਾਂ ਤੇ ਮਕਾਨ ਲੱਭ ਹੀ ਨਹੀਂ ਸਕਦੇ ਸਨ। ਇਹ ਘਰ ਉਨ੍ਹਾਂ ਵਲੋਂ ਲਭਾਏ ਗਏ ਜਿਨ੍ਹਾਂ ਨੇ ਘਰ ਬਹਿ ਕੇ ਪੂਰੀ ਤਿਆਰੀ ਕੀਤੀ ਹੋਈ ਸੀ।

੧੨. ਕੋਈ ਐਸੀ ਰਿਪੋਰਟ ਨਹੀਂ ਮਿਲੀ ਜਿਥੇ ਪੁਲੀਸ ਨੇ ਲੁਟ ਮਾਰ ਜਾਂ ਕਤਲ ਵਿਚ ਰੁਕਾਵਟ ਪਾਉਣ ਦੀ ਕੋਸ਼ਿਸ਼ ਕੀਤੀ ਹੋਵੇ। ਇਸ ਦੇ ਉਲਟ ਕਈ ਚਸ਼ਮ ਦੀਦ ਗਵਾਹ ਐਸੇ ਹਨ ਜਿਨ੍ਹਾਂ ਨੇ ਦਸਿਆ ਹੈ ਕਿ ਪੁਲੀਸ ਪਾਸੇ ਤੇ ਖਲੋਤੀ ਤਮਾਸ਼ਾ ਦੇਖਦੀ ਰਹੀ ਤੇ ਕਈ ਥਾਵਾਂ ਉਤੇ ਕਈ ਪੁਲੀਸ ਦੇ ਸਿਪਾਹੀਆਂ ਦਾ ਨਾਂ ਲਿਆ ਜਾਂਦਾ ਹੈ ਜਿਨ੍ਹਾਂ ਨੇ ਆਪ ਲੁਟਿਆ ਤੇ ਕਤਲ ਕੀਤੇ।

੧੩. ਇਨ੍ਹਾਂ ਹਜੂਮਾਂ ਵਿਚ ਬੰਦੇ ਲਾਠੀਆਂ, ਸੀਖਾਂ, ਚਾਕੂ ਤੇ ਅੱਗ ਲਾਉਣ ਵਾਲੀਆਂ ਚੀਜ਼ਾਂ ਪਟਰੋਲ, ਮਿੱਟੀ ਦੇ ਤੇਲ ਨਾਲ ਪੂਰੀ ਤਰ੍ਹਾਂ ਲੈਸ ਸਨ। ਕਈ ਥਾਵਾਂ ਉਤੇ ਮਿੱਟੀ ਦਾ ਤੇਲ ਸਥਾਨਿਕ ਡਿਪੂਆਂ ਕੋਲੋਂ ਲਿਆ ਗਿਆ ਜਾਂ ਕਿਸੇ ਗੱਡੀ ਵਿਚੋਂ ਕੱਢਿਆ ਗਿਆ।

੧੪. ਇਹ ਹਜੂਮ ਗੁਸੇ ਨਾਲ ਭਰੇ ਹੋਏ ਹਜੂਮਾਂ ਵਰਗੇ ਨਹੀਂ ਸਨ, ਜੋ ਕਿ ਜਲਦੀ ਜਲਦੀ ਅੱਗਾਂ ਲਾਉਣ ਦੀ ਕੋਸ਼ਿਸ਼ ਕਰਨ। ਬੜੇ ਅਰਾਮ ਨਾਲ ਅੱਗਾਂ ਲਗਾਈਆਂ ਜਾ ਰਹੀਆਂ ਸਨ। ਇਹ ਵੀ ਕੋਈ ਗੱਲ ਨਹੀਂ ਸੀ ਕਿ ਇਕ-ਦਮ ਬਹੁਤ ਵੱਡਾ ਹਜੂਮ ਆ ਗਿਆ ਹੋਵੇ ਜਿਸ ਉਤੇ ਕਾਬੂ ਪਾਉਣਾ ਔਖਾ ਸੀ। ਅਰਾਮ ਨਾਲ ਹਜੂਮਾਂ ਇਕ ਗਲੀ ਸਾੜ ਕੇ ਦੂਜੀ ਵਿਚ ਪੁਜ ਜਾਂਦਾ ਸੀ। ਆਮ ਤੌਰ ਤੇ ਇਕ ਹਜੂਮ ਪੰਜਾਹ ਸੱਠਾਂ ਬੰਦਿਆਂ ਦਾ ਹੀ ਹੁੰਦਾ ਸੀ। ਇਸ ਤੋਂ ਪਤਾ ਲੱਗਦਾ ਹੈ ਕਿ ਸਰਕਾਰ ਲਈ ਇਸ ਲੁਟ-ਮਾਰ ਤੇ ਕਤਲ ਕਰਨ ਨੂੰ ਰੋਕਣਾ ਕਿਤਨਾ ਸੌਖਾ ਸੀ। ਇਸ ਤੋਂ ਇਹ ਵੀ ਸਿੱਧ ਹੁੰਦਾ ਹੈ ਕਿ ਅਸੀਂ ਕਿਤਨੇ ਕੁ ਵੱਖਰੇ ਵੱਖਰੇ ਹਾਂ ਕਿ ਬਾਵਜੂਦ ਇਸ ਦੇ ਕਿ ਗੁਆਂਢੀਆਂ ਨੇ ਗੁਆਂਢੀਆਂ ਨੂੰ ਪਨਾਹ ਦਿੱਤੀ, ਅਸੀਂ ਇਕੱਠੇ ਹੋ ਕੇ ਇਨ੍ਹਾਂ ਹਜੂਮਾਂ ਦਾ ਮੁਕਾਬਲਾ ਨਹੀਂ ਕਰ ਸਕੇ।

੧੫. ਤਿਰਲੋਕਪੁਰੀ ਤੇ ਹੋਰ ਇਹੋ ਜਿਹੇ ਇਲਾਕੇ ਜਿਥੇ ਬਹੁਤ ਕਤਲੋਗਾਰਤ ਹੋਈ ਹੈ, ਉਹ ੧ ਨਵੰਬਰ ਦੁਪਹਿਰ ਤੋਂ ਬਾਅਦ ਹੋਈ ਹੈ, ਜਦੋਂ ਕਿ ਹਾਲਾਤ ਉਤੇ ਕਾਬੂ ਪਾਉਣ ਲਈ ਸਰਕਾਰ ਨੂੰ ੩੦ ਘੰਟੇ ਮਿਲ ਚੁਕੇ ਸਨ। ਇਹ ਲੁਟ-ਮਾਰ ਤੇ ਕਤਲੋਗਾਰਤ ੩ ਨਵੰਬਰ ਸ਼ਾਮ ਤਕ ਜਾਰੀ ਰਹੀ, ਭਾਵ ਪੂਰੇ ੪੮ ਘੰਟੇ ਚਲਦੀ ਰਹੀ। ਹਜੂਮ ਘੜੀ ਮੁੜੀ ਗਲੀਆਂ ਵਿਚ ਲੁਟਦੇ ਤੇ ਕਤਲ ਕਰਦੇ ਰਹੇ, ਜਦੋਂ ਤਕ ਕਿ ਲੁਟਣ ਤੇ ਕਤਲ ਕਰਨ ਜੋਗਾ ਕੁਝ ਰਿਹਾ ਹੀ ਨਹੀਂ ਸੀ।

੧੬. ਇਹ ਹਜੂਮ ੫੦ ਤੋਂ ਲੈ ਕੇ ੨੦੦ ਬੰਦਿਆਂ ਤਕ ਦੇ ਸਨ। ਇਕ ਉੱਚ ਅਧਿਕਾਰੀ ਪੁਲਸ ਅਫਸਰ ਦੇ ਕਹਿਣ ਅਨੁਸਾਰ ਕਿ ੨੫ ਹਥਿਆਰਬੰਦ ਬੰਦੇ ੨੦੦ ਤੋਂ ੩੦੦ ਦੇ ਹਜੂਮ ਨੂੰ ਕਾਬੂ ਕਰਨ ਵਾਸਤੇ ਕਾਫੀ ਹੁੰਦੇ ਹਨ। ਦਿੱਲੀ ਪੁਲੀਸ ਨੂੰ ਇਹੋ ਜਿਹੇ ਹਜੂਮਾਂ ਉਤੇ ਕਾਬੂ ਪਾਉਣ ਦਾ ਕਾਫ਼ੀ ਤਜਰਬਾ ਹੈ। ਦਿੱਲੀ ਪੁਲੀਸ ਦਾ ਫ਼ਸਾਦਾਂ ਉਤੇ ਜਲਦੀ ਤੋਂ ਜਲਦੀ ਕਾਬੂ ਪਾਉਣ ਦਾ ਰਿਕਾਰਡ ਹੈ। ੨੫-੩੦ ਜੇ ਪੁਲੀਸ ਦੇ ਸਿਪਾਹੀਆਂ ਦੇ ਗਰੁਪ ਠੀਕ ਤਰ੍ਹਾਂ ਤਾਇਨਾਤ ਕਰ ਦਿੱਤੇ ਜਾਂਦੇ ਤਾਂ ਫ਼ਸਾਦਾਂ ਉਤੇ ਫ਼ੌਰਨ ਕਾਬੂ ਪਾ ਲਿਆ ਜਾਂਦਾ। ਦਿੱਲੀ ਪੁਲੀਸ ਕੋਲ ੩੩,੦੦੦ ਸਿਪਾਹੀ ਹਨ। ਜੇ ਇਸ ਵਿਚੋਂ ਛੁਟੀ ਉਤੇ ਬਿਮਾਰ ਹੋਣ ਵਾਲਿਆਂ ਦੀ ਗਿਣਤੀ ਕੱਢ ਵੀ ਦਿੱਤੀ ਜਾਵੇ ਜਾਂ ਜਿਨ੍ਹਾਂ ਦੀ ਡਿਊਟੀ ਵਿਸ਼ੇਸ਼ ਥਾਵਾਂ ਉਤੇ ਲੱਗੀ ਹੁੰਦੀ ਹੈ ਭਾਵੇਂ ਉਨ੍ਹਾਂ ਵਿਚੋਂ ਕਈ ਬੁਲਾਏ ਜਾ ਸਕਦੇ ਸਨ ਤਾਂ ਵੀ ਸਰਕਾਰ ਕੋਲ ੧੫,੦੦੦-੧੬,੦੦੦ ਹਜ਼ਾਰ ਪੁਲੀਸ ਦੇ ਸਿਪਾਹੀ ਸਨ ਜਦੋਂ ਕਿ ੨੫-੩੦ ਟੁਕੜੀਆਂ ਤਾਇਨਾਤ ਕਰਨ ਵਾਸਤੇ ਸਰਕਾਰ ਨੂੰ ਸਿਰਫ ਪੰਜ ਛੇ ਸੌ ਸਿਪਾਹੀ ਹੀ ਚਾਹੀਦਾ ਸੀ। ਇਸ ਤੋਂ ਇਲਾਵਾ ਸੀ. ਆਰ. ਪੀ. ਤੇ ਬੀ. ਐਸ. ਐਫ. ਦੀ ਵੀ ਮਦਦ ਲਈ ਜਾ ਸਕਦੀ ਸੀ। ੫੦੦੦ ਪੰਜ ਹਜ਼ਾਰ ਫੌਜੀ ਤੇ ਦਿੱਲੀ ਛਾਉਣੀ ਵਿਚ ਬੈਠਾ ਹੁਕਮ ਦੀ ਉਡੀਕ ਕਰ ਰਿਹਾ ਸੀ। ਇਸ ਤੋਂ ਇਲਾਵਾ ਮੇਰਠ, ਅਲਵਰ ਤੇ ਹਿਸਾਰ ਵਿਚ



www.AKJ.Org

੩੫,੦੦੦ ਫੌਜ ਸਾਵਧਾਨ ਕਰ ਦਿੱਤੀ ਜਾ ਚੁਕੀ ਸੀ, ਜਿਸ ਦੀ ਮਦਦ ਫੌਰਨ ਲਈ ਜਾ ਸਕਦੀ ਸੀ। ਸਾਰੀਆਂ ਥਾਵਾਂ ਤੋਂ ੨-੩ ਘੰਟੇ ਵਿਚ ਫੌਜ ਦਿੱਲੀ ਪੁਜ ਸਕਦੀ ਸੀ, ਜਦੋਂ ਕਿ ਵੱਡੇ ਪੈਮਾਨੇ ਉਤੇ ਲੁਟ ਮਾਰ ਤੇ ਕਤਲੋਗਾਰਤ ੩੦ ਘੰਟੇ ਬਾਅਦ ਸ਼ੁਰੂ ਹੋਈ ਸੀ। ਇਨ੍ਹਾਂ ਫੌਜਾਂ ਨੂੰ ੩੧ ਅਕਤੂਬਰ ਨੂੰ ਹੀ ਸਾਵਧਾਨ ਕਰ ਦਿੱਤਾ ਗਿਆ ਸੀ।

੧੭. ਇਸ ਵਿਚ ਵੀ ਕੋਈ ਸਚਾਈ ਨਹੀਂ ਕਿ ਜੋ ਹਾਜ਼ਰ ਪੁਲੀਸ ਸੀ ਉਸ ਨੂੰ ਤੀਨ ਮੂਰਤੀ ਮਾਰਗ ਉਤੇ ਹਜੂਮ ਨੂੰ ਕਾਬੂ ਵਿਚ ਰੱਖਣ ਲਈ ਲਾਇਆ ਗਿਆ ਸੀ ਜਿਥੇ ਕਿ ਸ੍ਰੀ ਮਤੀ ਗਾਂਧੀ ਦੀ ਅਰਥੀ ਪਈ ਹੋਈ ਸੀ ਕਿਉਂਕਿ ਕਈ ਵਾਰ ਹਜੂਮ ਕਾਫ਼ੀ ਥੋਹੜਾ ਵੀ ਸੀ। ਉਂਜ ਵੀ ਦਿੱਲੀ ਪੁਲੀਸ ਕੋਲ ੬੦੦ ਛੇ ਸੌ ਸਿਪਾਹੀ ਫੌਰੀ ਇਹੋ ਜਿਹੇ ਹਾਲਾਤ ਉਤੇ ਕਾਬੂ ਪਾਉਣ ਵਾਲੇ ਹਨ।

੧੮. ਉੱਤਰੀ, ਦੱਖਣੀ ਤੇ ਮੱਧ ਦਿੱਲੀ ਵਿਚ ੧ ਨਵੰਬਰ ਸ਼ਾਮ ਦੇ ਛੇ ਵਜੇ ਹੀ ਕਰਫਿਊ ਲੱਗ ਗਿਆ ਸੀ ਤੇ ੯ ਵਜੇ ਰਾਤ ਤਕ ਸਾਰੀ ਦਿੱਲੀ ਹੀ ਕਰਫਿਊ ਥੱਲੇ ਆ ਗਈ ਸੀ, ਸਿਵਾਏ ਨਵੀਂ ਦਿੱਲੀ ਦੇ। ਅਸਲੀਅਤ ਵਿਚ ਇਹ ਕਰਫਿਊ ੩ ਨਵੰਬਰ ਸ਼ਾਮ ਦੇ ੮ ਵਜੇ ਤੋਂ ਲਾਗੂ ਕੀਤਾ ਗਿਆ, ਭਾਵੇਂ ਲਾਇਆ ਪਹਿਲਾਂ ਗਿਆ ਸੀ ਪਰ ਲਾਗੂ ੪੮ ਘੰਟੇ ਬਾਅਦ ਹੋਇਆ।

੧੯. ਇਹ ਵੀ ਕਿਧਰੇ ਨਜ਼ਰ ਨਹੀਂ ਆਇਆ ਕਿ ਕਰਫ਼ਿਊ ਲਾਗੂ ਕਰਨ ਵਿਚ ਕੋਈ ਦਿਕਤ ਸੀ ਕਿਉਂਕਿ ਰਾਜੀਵ ਗਾਂਧੀ ਨੇ ਜਦੋਂ ੨ ਨਵੰਬਰ ਰਾਤ ਨੂੰ ਪੂਰਬੀ ਦਿੱਲੀ ਜਾਣਾ ਚਾਹਿਆ ਤਾਂ ਇਕ-ਦਮ ਕਰਫਿਊ ਪੂਰੀ ਤਰ੍ਹਾਂ ਲਾਗੂ ਕਰ ਦਿੱਤਾ ਗਿਆ।

੨੦. ਇਸ ਤਰ੍ਹਾਂ ਹੀ ੧ ਨਵੰਬਰ ਨੂੰ ਐਲਾਨ ਕਰ ਦਿੱਤਾ ਗਿਆ ਕਿ ਪੁਲੀਸ ਨੂੰ ਦੇਖਦਿਆਂ ਹੀ ਗੋਲੀ ਮਾਰਨ ਦਾ ਹੁਕਮ ਦੇ ਦਿੱਤਾ ਗਿਆ, ਪਰ ਇਹ ਹੁਕਮ ਪੁਲੀਸ ਵਾਲਿਆਂ ਨੂੰ ੩ ਨਵੰਬਰ ਸ਼ਾਮ ਦੇ ੭-੩੦ ਵਜੇ ਭੇਜੇ ਗਏ।

੨੧. ਇਸ ਦੇ ਮੁਕਾਬਲੇ ਵਿਚ ਸ੍ਰੀ ਮਤੀ ਗਾਂਧੀ ਨੂੰ ਗੋਲੀ ਲੱਗਣ ਤੇ ਉਸ ਦੀ ਮੌਤ ਦਾ ਸ਼ਾਮ ਦੇ ੬ ਵਜੇ ਐਲਾਨ ਹੋਣ ਤਕ ਪੂਰੇ ਪੰਜਾਬ ਵਿਚ ਕਾਬੂ ਪਾਉਣ ਲਈ ਹਰ ਤਰ੍ਹਾਂ ਦੇ ਪ੍ਰਬੰਧ ਕਰ ਲਏ ਗਏ ਸਨ।

੨੨. ਲੁਟ ਮਾਰ ਤੇ ਕਤਲੋ ਗ਼ਾਰਤ ਦੀਆਂ ਖ਼ਬਰਾਂ ਪੁਲੀਸ ਨੂੰ ਪੂਰੀ ਤਰ੍ਹਾਂ ਪੁਜ ਰਹੀਆਂ ਸਨ। ਪੁਲੀਸ ਤੋਂ ਇਲਾਵਾ ਦਿੱਲੀ ਪ੍ਰਸ਼ਾਸਨ ਤੇ ਗ੍ਰਹਿ ਮੰਤਰੀ, ਰਾਸ਼ਟਰਪਤੀ ਭਵਨ, ਗ੍ਰਹਿ ਸਕੱਤਰ, ਕੈਬਨਿਟ ਸਕੱਤਰ, ਪ੍ਰਧਾਨ ਮੰਤਰੀ ਦਾ ਸਕੱਤਰ ਤੇ ਸਾਰਿਆਂ ਨੂੰ ਹੀ ਹਰ ਖ਼ਬਰ ਪੁਜ ਰਹੀ ਸੀ। ਇਸ ਦੀ ਪੁਸ਼ਟੀ ਲਈ ਉਹ ਲੋਕ ਮੌਜੂਦ ਹਨ ਜੋ ਇਨ੍ਹਾਂ ਫ਼ਸਾਦਾਂ ਵਿਚ ਬਚ ਗਏ ਹਨ ਤੇ ਕਈ ਅਖ਼ਬਾਰਾਂ ਵਾਲੇ, ਰਾਜਸੀ ਪਾਰਟੀਆਂ ਦੇ ਲੀਡਰ ਅਤੇ ਉਹ ਲੋਕ ਜਿਨ੍ਹਾਂ ਨੇ ਸਭ ਕੁਝ ਅੱਖੀਂ ਦੇਖਿਆ ਹੈ, ਜਿਨ੍ਹਾਂ ਨੇ ਆਪ ਕਈ ਸਰਕਾਰੀ ਅਧਿਕਾਰੀਆਂ ਨੂੰ ਫੋਨ ਕਰਕੇ ਸਾਰੇ ਹਾਲਾਤ ਤੋਂ ਜਾਣੂ ਕਰਵਾਇਆ। ਇਸ ਦੀ ਗਵਾਹੀ ਉਨ੍ਹਾਂ ਲੋਕਾਂ ਕੋਲੋਂ ਵੀ ਮਿਲਦੀ ਹੈ ਜੋ ਕਿ ਪੁਲੀਸ ਦੇ ਏਧਰ ਉਧਰ ਦਿਤੇ ਗਏ ਸੁਨੇਹੇ ਮੋਨੀਟਰ ਕਰਦੇ ਹਨ ਕਿ ਪੁਲੀਸ ਵਾਲੇ ਜੋ ਪਟਰੋਲ ਡੀਊਟੀ ਉਤੇ ਸਨ ਉਹ ਬਾਕਾਇਦਾ ਪੁਲੀਸ ਹੈਡਕੁਆਟਰ ਉਤੇ ਪੂਰੀ ਲੁਟ ਮਾਰ ਤੇ ਕਤਲੋਗਾਰਤ ਦੀ ਖਬਰ ਭੇਜ ਰਹੇ ਸਨ। ਇਹ ਨਾ ਵੀ ਹੁੰਦਾ ਤਾਂ ਵੀ ਇਹ ਲੁਟ ਮਾਰ ਤੇ ਕਤਲੋਗਾਰਤ ਦਿਨ ਦੀਵੀਂ ਹੋ ਰਹੀ ਸੀ ਤੇ ਸ਼ਹਿਰ ਦੇ ਕਈ ਹਿੱਸਿਆਂ ਵਿਚ ਫੈਲੀ ਹੋਈ ਸੀ। ਮਕਾਨਾਂ ਤੇ ਦੁਕਾਨਾਂ ਨੂੰ ਲੱਗੀਆਂ ਅੱਗਾਂ ਮੀਲਾਂ ਤੋਂ ਨਜ਼ਰ ਆ ਰਹੀਆਂ ਸਨ, ਇਸ ਕਰਕੇ ਕੋਈ ਇਹ ਕਹਿ ਨਹੀਂ ਸਕਦਾ ਕਿ ਉਸ ਨੂੰ ਪਤਾ ਨਹੀਂ ਲੱਗਾ।

੨੩. ਸ਼ੁਰੂ ਤੋਂ ਲੈ ਕੇ ਅਖ਼ੀਰ ਤਕ ਸਰਕਾਰ ਕੋਸ਼ਿਸ਼ ਕਰ ਰਹੀ ਹੈ ਕਿ ਦਿੱਲੀ ਦੇ ਫ਼ਸਾਦਾਂ ਦਾ ਕਿੱਸਾ ਹੀ ਨਾ ਛੇੜਿਆ ਜਾਵੇ। ੧ ਨਵੰਬਰ ਨੂੰ ਉਸ ਵਕਤ ਦੇ ਗ੍ਰਹਿ ਮੰਤਰੀ ਐਮ. ਐਮ. ਕੇ. ਵਲੀ ਨੇ ਕਿਹਾ ਕਿ ਸਾਰੇ ਦੇਸ਼ ਵਿਚ ਹੋਏ ਫ਼ਸਾਦਾਂ ਵਿਚ ਕੇਵਲ ੧੦ ਬੰਦੇ ਮਾਰੇ ਗਏ ਹਨ। ਦਿੱਲੀ ਵਿਚ ਪੰਜ ਮਰੇ ਹਨ ਤੇ ਬਾਕੀ ਹਿੰਦੁਸਤਾਨ ਵਿਚ ਪੰਜ ਤੇ ਇਨ੍ਹਾਂ ਵਿਚੋਂ ਇਕ ਪੁਲੀਸ ਦੀ ਗੋਲੀ ਨਾਲ ਮਰਿਆ ਹੈ ਤੇ ਤਿੰਨ ਆਦਮੀ ਦੋ ਗਰੁਪਾਂ ਦੀ ਆਪਸ



www.AKJ.Org

ਵਿਚ ਗੋਲੀ ਚਲਣ ਕਾਰਨ ਮਰੇ ਹਨ ਤੇ ਸਿਰਫ਼ ਇਕ ਛੁਰਾ ਮਾਰਨ ਕਾਰਨ ਮਰਿਆ ਹੈ। ਇਸ ਤੋਂ ਹੀ ਅੰਦਾਜ਼ਾ ਲੱਗਦਾ ਹੈ ਕਿ ਉਸ ਦੀ ਖ਼ਬਰ ਕਿਤਨੀ ਕੁ ਠੀਕ ਸੀ। ਉਸ ਨੇ ਇਹ ਵੀ ਕਿਹਾ ਕਿ ਅਗਲੇ ਦਿਨ ਦੀ ਸ਼ਾਮ ਤਕ ਹਾਲਾਤ ਉਤੇ ਕਾਬੂ ਪਾ ਲਿਆ ਜਾਵੇਗਾ। ੨ ਨਵੰਬਰ ਨੂੰ ਉਸ ਵਕਤ ਦੇ ਦਿੱਲੀ ਦੇ ਲੈਫਟੀਨੈਂਟ ਗਵਰਨਰ ਪੀ. ਜੀ. ਗਵੇਈ ਨੇ ਕਿਹਾ ਕਿ ਕੈਂਪ ਲਾਉਣ ਦੀ ਲੋੜ ਨਹੀਂ ਜਿਨ੍ਹਾਂ ਵਿਚ ਉਹ ਲੋਕ ਆ ਸਕਣ ਜੋ ਕਿ ਆਪਣੀ ਜਾਨ, ਮਾਲ ਨੂੰ ਖ਼ਤਰਾ ਮਹਿਸੂਸ ਕਰਦੇ ਹਨ ਕਿਉਂਕਿ ਫੌਜ ਦੀ ਹਾਜ਼ਰੀ ਹੋਣ ਕਾਰਨ ਇਸ ਦੀ ਲੋੜ ਨਹੀਂ। ੫ ਨਵੰਬਰ ਨੂੰ ਨਵੇਂ ਲੈਫਟੀਨੈਂਟ ਗਵਰਨਰ ਐਮ. ਐਮ. ਕੇ. ਵਲੀ ਨੇ ਸਰਕਾਰੀ ਰਿਵਾਜ ਅਨੁਸਾਰ ਆਉਂਦਿਆਂ ਹੀ ਕਹਿ ਦਿੱਤਾ ਕਿ ਅਖ਼ਬਾਰਾਂ ਵਾਲੇ ਕਤਲ ਤੇ ਤਬਾਹੀ ਦੀਆਂ ਗੱਲਾਂ ਵਧਾ ਕੇ ਦੇ ਰਹੇ ਹਨ।

ਜੇ ਉਹ ਸਾਰੀਆਂ ਵਾਰਦਾਤਾਂ ਛੱਡ ਦਿੱਤੀਆਂ ਜਾਣ ਜਿਨ੍ਹਾਂ ਦੇ ਚਸ਼ਮਦੀਦ ਗਵਾਹ ਹਨ ਤੇ ਜੋ ਤੱਤ ਗੁਆਂਢੀ ਬਿਆਨ ਕਰਦੇ ਹਨ ਤਾਂ ਵੀ ਸਾਰੀਆਂ ਹੋਈਆਂ ਵਾਰਦਾਤਾਂ ਦੀ ਇਕ ਲੜੀ ਬਣਦੀ ਹੈ। ੩੧ ਅਕਤੂਬਰ ਰਾਤ ਨੂੰ ਇਕ ਮੀਟਿੰਗ ਕਰਕੇ ਸਿੱਖਾਂ ਨੂੰ ਸਬਕ ਸਿਖਾਉਣ ਦਾ ਫੈਸਲਾ ਕੀਤਾ ਗਿਆ। ਇਹ ਸਬਕ ਜਰਾਇਮ ਪੇਸ਼ਾ ਦਾਦਿਆਂ ਰਾਹੀਂ ਸਿਖਾਉਣ ਦਾ ਫੈਸਲਾ ਹੋਇਆ, ਜਿਨ੍ਹਾਂ ਨਾਲ ਰਾਜਨੀਤਕ ਲੀਡਰਾਂ ਦਾ ਤਾਲ ਮੇਲ ਹੁੰਦਾ ਹੈ। ਇਨ੍ਹਾਂ ਨਾਲ ਰਾਤੋ ਰਾਤ ਸੰਪਰਕ ਕਾਇਮ ਕੀਤਾ ਗਿਆ ਤੇ ਸਵੇਰ ਤਕ ਹਜੂਮ ਇਕੱਠੇ ਕਰਨ ਤੇ ਨਿਸ਼ਾਨੇ ਮਿਥਣ ਦੀ ਗੱਲ ਦੱਸੀ ਗਈ ਤੇ ਉਨ੍ਹਾਂ ਨੂੰ ੩ ਨਵੰਬਰ ਜਦੋਂ ਤਕ ਇੰਦਰਾ ਗਾਂਧੀ ਦਾ ਸਸਕਾਰ ਨਹੀਂ ਹੁੰਦਾ ਉਤਨੀ ਦੇਰ ਤਕ ਖੁਲ੍ਹੀ ਛੁਟੀ ਦੇ ਦਿੱਤੀ ਗਈ।

ਕਾਂਗਰਸੀ ਲੀਡਰਾਂ ਦੀ ਕਾਰਵਾਈ ਤੇ ਸਰਕਾਰ ਦੀ ਕਾਰ-ਗੁਜ਼ਾਰੀ ਇਸ ਗੱਲ ਦੀ ਪ੍ਰੋੜ੍ਹਤਾ ਕਰਦੀ ਹੈ। ਮਿਸਾਲ ਦੇ ਤੌਰ ਉਤੇ :

੧. ੩ ਨਵੰਬਰ ਨੂੰ ਪੁਲੀਸ ਕਮਿਸ਼ਨਰ ਨੇ ਕਿਹਾ ਕਿ ਫ਼ਸਾਦਾਂ, ਲੁਟ-ਮਾਰ ਤੇ ਕਤਲੋ ਗਾਰਤ ਦੇ ਸਿਲਸਿਲੇ ਵਿਚ ਇਕ ਹਜ਼ਾਰ ਬੰਦੇ ਫੜੇ ਗਏ ਹਨ। ਫਿਰ ਪਤਾ ਨਹੀਂ ਕੀ ਹੋਇਆ ਕਿਸੇ ਫੜੇ ਹੋਏ ਦੇ ਖਿਲਾਫ਼ ਕੋਈ ਮੁਕੱਦਮਾ ਨਹੀਂ ਚਲਾਇਆ ਗਿਆ।

੨. ੬ ਨਵੰਬਰ ਨੂੰ ਐਲਾਨ ਕੀਤਾ ਗਿਆ ਕਿ ਰਾਜੀਵ ਗਾਂਧੀ ਕਾਂਗਰਸ ਆਈ ਮੈਂਬਰਾਂ ਦਾ ਇਨ੍ਹਾਂ ਹਿੰਸਕ ਕਾਰਵਾਈ ਵਿਚ ਸੰਬੰਧ ਹੋਣ ਬਾਰੇ ਤਹਿਕੀਕਾਤ ਕਰੇਗਾ। ੧੦ ਨਵੰਬਰ ਨੂੰ ਕਾਂਗਰਸ ਦੇ ਜਨਰਲ ਸਕੱਤਰ ਨੇ ਐਲਾਨ ਕੀਤਾ ਕਿ ਐਸੀ ਕੋਈ ਜਾਂਚ ਪੜਤਾਲ ਨਹੀਂ ਕੀਤੀ ਜਾ ਰਹੀ ਤੇ ਨਾ ਹੀ ਹੋਈ।

੩. ੧੦ ਨਵੰਬਰ ਨੂੰ ਐਡੀਸ਼ਨਲ ਪੁਲੀਸ ਕਮਿਸ਼ਨਰ ਨੇ ਐਲਾਨ ਕੀਤਾ ਕਿ ਇਨ੍ਹਾਂ ਫ਼ਸਾਦੀਆਂ ਦੇ ਗਰੋਹਾਂ ਦੇ ੨੨ ਰਿੰਗ ਲੀਡਰਾਂ ਦੀ ਸ਼ਨਾਖਤ ਹੋ ਗਈ ਹੈ ਤੇ ਉਹ ਫੜੇ ਜਾ ਚੁਕੇ ਹਨ। ਇਨ੍ਹਾਂ ਨੂੰ ਫੌਰਨ ਰਿਹਾ ਕਰ ਦਿੱਤਾ ਗਿਆ ਤੇ ਉਨ੍ਹਾਂ ਵਿਰੁਧ ਕੋਈ ਮੁਕੱਦਮਾ ਦਾਇਰ ਨਹੀਂ ਹੋਇਆ।

੪. ਪੁਲੀਸ ਅਫਸਰ ਤੇ ਅਖਬਾਰਾਂ ਦੇ ਨੁਮਾਇੰਦੇ ਜੋ ਉਥੇ ਹਾਜ਼ਰ ਸਨ ਉਨ੍ਹਾਂ ਦੇ ਕਹਿਣ ਅਨੁਸਾਰ ਧਰਮ ਦਾਸ ਸ਼ਾਸਤਰੀ, ਜਗਦੀਸ਼ ਟਾਈਟਲਰ ਦੋਵੇਂ ਕਾਂਗਰਸ ਦੇ ਐਮ. ਪੀ. ਤੇ ਕੁਝ ਕਾਂਗਰਸੀ ਆਈ ਦੇ, ਕਾਰਪੋਰੇਸ਼ਨ ਤੇ ਮੈਟਰੋਪੋਲੀਟੀਅਨ ਕੌਂਸਲ ਦੇ ਮੈਂਬਰ ਇਨ੍ਹਾਂ ਨੂੰ ਥਾਣਿਆਂ ਤੋਂ ਛੁਡਾਉਣ ਲਈ ਪੁਜੇ ਹੋਏ ਸਨ।

੫. ਪੁਲੀਸ ਨੂੰ ਉਨ੍ਹਾਂ ਪਿੰਡਾਂ ਤੇ ਝੁਗੀਆਂ ਝੌਂਪੜੀਆਂ ਦੇ ਇਲਾਕਿਆਂ ਦਾ ਪਤਾ ਹੈ ਜਿਥੋਂ ਇਹ ਹਜੂਮ ਇਕੱਠੇ ਕੀਤੇ ਗਏ ਸਨ। ਪੁਲੀਸ ਅਫਸਰਾਂ ਵਿਚ ਇਹ ਆਮ ਗੱਲ ਸੀ ਕਿ ਜੇ ਇਨ੍ਹਾਂ ਪਿੰਡਾਂ ਤੇ ਇਲਾਕਿਆਂ ਉਤੇ ਫੌਰੀ ਛਾਪੇ ਮਾਰੇ ਜਾਣ ਤਾਂ ਜਿਨ੍ਹਾਂ ਕੋਲੋਂ ਲੁਟ ਦਾ ਮਾਲ ਮਿਲੇ, ਉਨ੍ਹਾਂ ਕੋਲੋਂ ਪੁਛ ਪੜਤਾਲ ਉਤੇ ਸਾਰੇ ਭੇਦ ਬਾਹਰ ਆ ਸਕਦੇ ਹਨ ਕਿ ਕਿਸ ਨੇ ਫ਼ਸਾਦਾਂ ਲਈ ਉਕਸਾਇਆ ਤੇ ਉਨ੍ਹਾਂ ਦਾ ਪ੍ਰਬੰਧ ਕੀਤਾ। ਪਰ ਐਸੇ ਛਾਪੇ ਨਹੀਂ ਮਾਰੇ ਗਏ।

੬. ਛਾਪੇ ਮਾਰ ਕੇ ਫ਼ਸਾਦੀਆਂ ਨੂੰ ਫੜਨ ਦੀ ਥਾਂ ਉਨ੍ਹਾਂ ਨੂੰ ਸੱਦਾ ਦਿੱਤਾ ਗਿਆ ਕਿ ਆਪ ਹੀ ਲੁਟ ਦਾ ਮਾਲ



www.AKJ.Org

ਜਮ੍ਹਾ ਕਰਵਾ ਦੇਣ ਤਾਂ ਕਿ ਬਰਾਮਦ ਕੀਤਾ ਹੋਇਆ ਮਾਲ ਟੈਲੀਵੀਜਨ ਉਤੇ ਦਿਖਾਇਆ ਜਾ ਸਕੇ। ਫ਼ਸਾਦੀਆਂ ਨੂੰ ਫੜਨਾ ਜ਼ਿਆਦਾ ਜ਼ਰੂਰੀ ਸੀ ਕਿ ਟੀ. ਵੀ. ਉਤੇ ਬਰਾਮਦ ਹੋਇਆ ਮਾਲ ਦਿਖਾਉਣਾ ਜ਼ਿਆਦਾ ਜ਼ਰੂਰੀ ਸੀ ?

੭. ਪੁਲੀਸ ਨੇ ਕੋਈ ਕੋਸ਼ਿਸ਼ ਨਹੀਂ ਕੀਤੀ ਕਿ ਫ਼ਸਾਦਾਂ ਦੇ ਦੌਰਾਨ ਲਈਆਂ ਗਈਆਂ ਫਿਲਮਾਂ ਤੇ ਫੋਟੋ ਇਕੱਠੀਆਂ ਕੀਤੀਆਂ ਜਾਣ ਤਾਂ ਕਿ ਮੁਜਰਮਾਂ ਦੀ ਸੌਖੀ ਸ਼ਨਾਖਤ ਕਰਕੇ ਉਨ੍ਹਾਂ ਨੂੰ ਫੜਿਆ ਜਾ ਸਕੇ।

੮. ਕਮਿਸ਼ਨ ਆਫ਼ ਇਨਕੁਆਰੀ ਦੇ ਐਕਟ ਅਨੁਸਾਰ ਲੁਟ ਮਾਰ, ਸਾੜ ਫੂਕ ਤੇ ਕਤਲ ਸਪੱਸ਼ਟ ਹੁੰਦੀਆਂ ਹਨ, ਇਨ੍ਹਾਂ ਬਾਰੇ ਕੋਈ ਸ਼ੱਕ ਦੀ ਗੁੰਜਾਇਸ਼ ਨਹੀਂ ਹੁੰਦੀ। ਇਹ ਗੱਲਾਂ ਜਨਤਕ ਮਹੱਤਤਾ ਦੀਆਂ ਹੁੰਦੀਆਂ ਹਨ। ਇਕ ਹਜ਼ਾਰ ਤੋਂ ਉਤੇ ਬੰਦਾ ਮਾਰਿਆ ਗਿਆ ਹੈ, ੫000। ਤੋਂ ਉਤੇ ਲੋਕੀਂ ਬੇ-ਘਰ ਹੋ ਚੁਕੇ ਹਨ। ਜਰਾਇਮ ਪੇਸ਼ਾ ਲੋਕਾਂ ਤੇ ਰਾਜਨੀਤਕ ਲੀਡਰਾਂ ਦਾ ਤਾਲ ਮੇਲ ਨਜ਼ਰ ਆ ਰਿਹਾ ਹੈ। ਦੋ ਕੌਮਾਂ ਵਿਚ ਭਾਰੀ ਪਾੜਾ ਪੈ ਰਿਹਾ ਹੈ। ਇਸ ਤੋਂ ਵਧ ਹੋਰ ਕਿਹੜਾ ਯੋਗ ਮੌਕਾ ਹੋ ਸਕਦਾ ਹੈ ਜਦੋਂ ਕਿ ਸਰਕਾਰ ਆਪ ਹੀ ਇਨਕੁਆਰੀ ਦਾ ਹੁਕਮ ਦੇ ਦਿੰਦੀ ਪਰ ਇਸ ਇਨਕੁਆਰੀ ਦੀ ਆਮ ਸ਼ਹਿਰੀਆਂ ਵਲੋਂ ਮੰਗ ਹੋਣ ਦੇ ਬਾਵਜੂਦ ਇਨਕੁਆਰੀ ਦਾ ਹੁਕਮ ਹਾਲੀਂ ਤਕ ਨਹੀਂ ਦਿੱਤਾ ਗਿਆ।

੯. ਇਸ ਦੇ ਉਲਟ ੧੦ ਨਵੰਬਰ ਤੋਂ ਸਰਕਾਰ ਨੂੰ ਇਹ ਰੌਲਾ ਪਾਉਣ ਦਾ ਫਿਕਰ ਪਿਆ ਹੋਇਆ ਹੈ ਕਿ ਹਾਲਾਤ ਨਾਰਮਲ ਹੋ ਗਏ ਹਨ। ਇਨ੍ਹਾਂ ਹਾਲਾਤ ਨੂੰ ਨਾਰਮਲ ਦੱਸਣ ਵਾਸਤੇ ਸਰਕਾਰੀ ਕੈਂਪ ਬਦ ਕੀਤੇ ਜਾ ਰਹੇ ਹਨ ਤੇ ਰਫ਼ਿਊਜੀਆਂ ਨੂੰ ਉਨ੍ਹਾਂ ਅਬਾਦੀਆਂ ਵਿਚ ਜ਼ਬਰਦਸਤੀ ਧੱਕਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਜਿਥੋਂ ਉਹ ਦੌੜ ਕੇ ਕੈਂਪਾਂ ਵਿਚ ਆਏ ਸਨ, ਜਿਥੇ ਇਨ੍ਹਾਂ ਦੇ ਰਿਸ਼ਤੇਦਾਰ ਕੁਝ ਹਫਤੇ ਪਹਿਲਾਂ ਹੀ ਟੋਟੇ ਟੋਟੇ ਕਰਕੇ ਸਾੜੇ ਗਏ ਸਨ, ਜਿਥੇ ਇਨ੍ਹਾਂ ਦੇ ਘਰ ਪੂਰੀ ਤਰ੍ਹਾਂ ਸੜ ਚੁਕੇ ਹਨ ਤੇ ਕੁਝ ਵੀ ਬਾਕੀ ਨਹੀਂ ਰਿਹਾ। ਜਿਥੇ ਜਿਨ੍ਹਾਂ ਗੁੰਡਿਆਂ ਤੇ ਪੁਲੀਸ ਵਾਲਿਆਂ ਨੇ ਉਨ੍ਹਾਂ ਦੇ ਘਰਾਂ ਨੂੰ ਸਾੜਿਆ ਤੇ ਉਨ੍ਹਾਂ ਦੇ ਸੰਬੰਧੀਆਂ ਨੂੰ ਜਲਾਇਆ, ਉਹ ਸਾਰੇ ਹੀ ਆਜ਼ਾਦੀ ਨਾਲ ਘੁੰਮਦੇ ਹੋਣ। ਉਨ੍ਹਾਂ ਦੀਆਂ ਦਿਲ ਚੀਰਵੀਆਂ ਬੇਨਤੀਆਂ ਦਾ ਵੀ ਕੋਈ ਅਸਰ ਨਹੀਂ ਹੋ ਰਿਹਾ ਕਿ ਉਨ੍ਹਾਂ ਨੂੰ ਉਤਨੀ ਦੇਰ ਵਾਪਸ ਨਾ ਭੇਜਿਆ ਜਾਵੇ ਜਿਤਨੀ ਦੇਰ ਉਨ੍ਹਾਂ ਦੀਆਂ ਅਬਾਦੀਆਂ ਵਿਚ ਸੁਰੱਖਿਅਤਾ ਦਾ ਕੋਈ ਪ੍ਰਬੰਧ ਨਹੀਂ ਹੋ ਜਾਂਦਾ ਤੇ ਉਨ੍ਹਾਂ ਦੇ ਘਰ ਰਹਿਣ ਜੋਗੇ ਨਹੀਂ ਬਣਾ ਦਿਤੇ ਜਾਂਦੇ। ਸਰਕਾਰ ਇਨ੍ਹਾਂ ਰਫ਼ਿਊਜੀਆਂ ਨੂੰ ੫0,੫0 ਰੁਪਏ ਤੇ ਕੁਝ ਸੁਕਾ ਰਾਸ਼ਨ ਦੇ ਕੇ ਬੱਸਾਂ ਤੇ ਟਰੱਕਾਂ ਵਿਚ ਧਕੇਲ ਕੇ ਉਨ੍ਹਾਂ ਦੀਆਂ ਅਬਾਦੀਆਂ ਵਿਚ ਭੇਜਣ ਦੀ ਕੋਸ਼ਿਸ਼ ਵਿਚ ਹੈ ਭਾਵੇਂ ਇਸ ਰਾਸ਼ਨ ਨੂੰ ਪਕਾਉਣ ਵਾਸਤੇ ਉਨ੍ਹਾਂ ਕੋਲ ਭਾਂਡੇ ਵੀ ਨਹੀਂ ਹਨ। ਵਾਪਸ ਆਉਣ ਉਤੇ ਉਹ ਕਿਸੇ ਥਾਂ ਇਕੱਠੇ ਬੈਠ ਜਾਂਦੇ ਹਨ, ਜਿਸ ਤਰ੍ਹਾਂ ਕਿ ਸੁਲਤਾਨ ਪੁਰੀ (ਜਿਥੇ ਬਹੁਤ ਕਤਲੋਗਾਰਤ ਹੋਈ ਸੀ) ਦੇ ਇਕ ਬਾਗ ਵਿਚ, ਤੇ ਉਥੋਂ ਉਨ੍ਹਾਂ ਨੂੰ ਜ਼ਬਰਦਸਤੀ ਖਿੰਡਾਇਆ ਗਿਆ।

ਅਰੁਨ ਸ਼ੋਰੀ ਨੇ ਟ੍ਰਿਬਿਊਨ ਅਖਬਾਰ ਵਿਚ ਇਕ ਲੇਖ ਵਿਚ ਲਿਖਿਆ ਹੈ ਕਿ ਇਨ੍ਹਾਂ ਰਫ਼ਿਊਜੀਆਂ ਦੀ ਹਾਲਤ ਤਰਸਯੋਗ ਹੈ। ਸਰਕਾਰ ਨੂੰ ਜੋ ਕੁਝ ਇਨ੍ਹਾਂ ਨੂੰ ਅਬਾਦ ਕਰਨ ਲਈ ਕਰਨਾ ਚਾਹੀਦਾ ਹੈ ਉਹ ਨਹੀਂ ਕਰ ਰਹੀ। ਵਾਪਸ ਉਹ ਆਪਣੀਆਂ ਅਬਾਦੀਆਂ ਵਿਚ ਜਾਣ ਨੂੰ ਤਿਆਰ ਨਹੀਂ। ਕਈ ਤੇ ਪੰਜਾਬ ਤੇ ਚੰਡੀਗੜ੍ਹ ਵੀ ਰੁਜ਼ਗਾਰ ਦੀ ਤਲਾਸ਼ ਵਿਚ ਭਟਕ ਆਏ ਹਨ, ਪਰ ਹਾਲੀਂ ਉਨ੍ਹਾਂ ਦਾ ਕਿਧਰੇ ਹੱਥ ਨਹੀਂ ਪਿਆ। ਅਗਲਾ ਕਮਾਇਆ ਇਨ੍ਹਾਂ ਲੋਕਾਂ ਦਾ ਤਬਾਹ ਕਰ ਦਿੱਤਾ ਗਿਆ ਤੇ ਨਵੀਂ ਕਮਾਈ ਕੋਈ ਨਜ਼ਰ ਨਹੀਂ ਆ ਰਹੀ। ਸਰਕਾਰ ਵੀ ਕੋਈ ਮਦਦ ਨਹੀਂ ਕਰ ਰਹੀ। ਕੁਝ ਕੈਂਪਾਂ ਵਿਚ ਮਯੂਸ ਬੈਠੇ ਹਨ ਤੇ ਕੁਝ ਇਧਰ ਉਧਰ ਭਟਕ ਰਹੇ ਹਨ।

ਸਰਕਾਰ ਦੇ ਉੱਚ ਅਧਿਕਾਰੀਆਂ ਦੀ ਕੋਸ਼ਿਸ਼ ਹੈ ਕਿ ਇਸ ਸਾਰੀ ਗੱਲ ਨੂੰ ਨਜ਼ਰ-ਅੰਦਾਜ਼ ਕਰ ਦਿੱਤਾ ਜਾਵੇ ਤੇ ਇਹ ਜ਼ਾਹਿਰ ਕੀਤਾ ਜਾਵੇ ਕਿ ਸਭ ਕੁਝ ਠੀਕ ਠਾਕ ਹੋ ਗਿਆ ਹੈ। ਕਿਸੇ ਨੂੰ ਉਨ੍ਹਾਂ ਲੋਕਾਂ ਨੂੰ ਸਾਂਭਣ ਦਾ ਫਿਕਰ ਨਹੀਂ ਜਿਨ੍ਹਾਂ ਨੂੰ ਕਿ ਸਬਕ ਸਿਖਾਇਆ ਗਿਆ ਹੈ। ਜਿਸ ਕਾਰਨ ਦੁਖ ਬੇ-ਕਸੂਰ ਯਤੀਮ ਬੱਚੇ ਤੇ ਵਿਧਵਾ ਜ਼ਨਾਨੀਆਂ ਨੂੰ ਸਹਾਰਨਾ ਪੈ ਰਿਹਾ ਹੈ, ਜਿਨ੍ਹਾਂ ਦੇ ੨੩ ਘਰ ਦੇ ਆਦਮੀਆਂ ਵਿਚੋਂ ੧੭ ਨੂੰ ਜ਼ਿੰਦਾ ਜਲਾ ਦਿੱਤਾ ਗਿਆ



www.AKJ.Org

ਹੈ। ਇਕ ਜਨਾਨੀ ਇਕ ਉਂਗਲ ਹੀ ਸਾਂਭੀ ਫਿਰਦੀ ਹੈ ਜੋ ਕਿ ਉਸ ਦੇ ਸੰਬੰਧੀ ਦੀ ਅੰਗੂਠੀ ਲਾਹੁਣ ਲਈ ਉਸ ਦੇ ਸਾਹਮਣੇ ਹੀ ਕੱਟੀ ਗਈ ਸੀ।

ਕੀ ਇਹ ਸਰਕਾਰ ਦੇ ਕੰਮ ਹਨ ? ਜੇ ਇਸੇ ਨੂੰ ਸਰਕਾਰ ਕਿਹਾ ਜਾਂਦਾ ਹੈ ਤਾਂ ਤੇ ਸਾਨੂੰ ਰੱਬ ਵੀ ਨਹੀਂ ਬਚਾ ਸਕੇਗਾ। ਕੀ ਇਹ ਹੁਕਮਰਾਨ ਪਾਰਟੀ ਤੇ ਸਰਕਾਰ ਨੂੰ ਇਹ ਯੋਗ ਲੱਗਦਾ ਹੈ ਕਿ ਇਸ ਸਭ ਕੁਝ ਨੂੰ ਛੁਪਾ ਦਿੱਤਾ ਜਾਵੇ ? "ਇਹ ਠੀਕ ਹੈ ਕਿ ਜੋ ਕੁਝ ਹੋਇਆ ਹੈ ਉਹ ਬਹੁਤ ਜ਼ਿਆਦਾ ਹੈ ਪਰ ਸਿੱਖਾਂ ਨੂੰ ਸਬਕ ਸਿਖਾਉਣਾ ਹੀ ਚਾਹੀਦਾ ਸੀ" ਇਹ ਉਹ ਹਿੰਦੂ ਕਹਿ ਰਹੇ ਹਨ ਜੋ ਕਿ ਛੇ ਮਹੀਨੇ ਪਹਿਲਾਂ ਕਿਹਾ ਕਰਦੇ ਸਨ, "ਗੁਰੂ ਗ੍ਰੰਥ ਸਾਹਿਬ ਵੱਲ ਵੇਖੋ। ਇਹਦੇ ਵਿਚੋਂ ਹੀ ਪਤਾ ਲੱਗਦਾ ਹੈ ਕਿ ਸਿੱਖ ਤੇ ਹਿੰਦੂ ਇਕੋ ਕੁਝ ਹਨ। ਗੁਰੂ ਗ੍ਰੰਥ ਸਾਹਿਬ ਦੀ ਹਰ ਲਾਈਨ ਵਿਚ 'ਰਾਮ' ਤੇ 'ਹਰੀ' ਦੀ ਵਰਤੋਂ ਰੱਬ ਲਈ ਹੋਈ ਹੈ।" ਹੁਣ ਉਹ ਹੀ ਹਿੰਦੂ ਕਹਿ ਰਹੇ ਹਨ ਕਿ ਅਸੀਂ ਸਿੱਖਾਂ ਨੂੰ ਸਬਕ ਸਿਖਾ ਦਿੱਤਾ ਹੈ।

ਇਨ੍ਹਾਂ ਲਫ਼ਜ਼ਾਂ ਨਾਲ ਕੀ ਉਹ ਸਿੱਖ ਤੇ ਹਿੰਦੂ ਦੋ ਕੌਮਾਂ ਨਹੀਂ ਮੰਨਣ ਲੱਗ ਪਏ ? ਕੀ ਉਨ੍ਹਾਂ ਦੀ ਇਸ ਨਵੀਂ ਸ਼ਬਦਾਵਲੀ ਨਾਲ ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਦੀ ਵਿਚਾਰਧਾਰਾ ਦੀ ਪ੍ਰੋੜ੍ਹਤਾ ਨਹੀਂ ਹੁੰਦੀ ?

ਕੀ ਇਹ ਦੇਸ ਇਕ ਹੋ ਕੇ ਰਹਿ ਸਕੇਗਾ, ਜਦੋਂ ਕਿ ਇਸ ਦੇ ਵੱਖ ਵੱਖ ਹਿੱਸਿਆਂ ਵਿਚ ਇਕ ਦੂਜੇ ਲਈ ਦਹਿਸ਼ਤ ਤੇ ਡਰ ਹੋਵੇ ? ਕੀ ਹਿੰਦੂ ਪੰਜਾਬ ਵਿਚ ਸਿੱਖਾਂ ਦੇ ਹੋਸਟੇਜ (ਬੰਧਿਕ) ਹੋਣਗੇ ਤੇ ਸਿੱਖ ਬਾਹਰਲੇ ਸੂਬਿਆਂ ਵਿਚ ਹਿੰਦੂਆਂ ਦੇ ? ਕੀ ਇਸ ਤਰ੍ਹਾਂ ਅਸੀਂ ਇਕ ਕੌਮ ਦੇ ਤੌਰ ਉਤੇ ਰਹਿ ਸਕਾਂਗੇ ? ਫਿਰ ਫੌਜ ਵਿਚ ਕੀ ਹੋਵੇਗਾ ? ਕੀ ਇਕ ਹਿੰਦੂ ਤੇ ਇਕ ਸਿੱਖ ਇਕੱਠੇ ਇਕ ਟੈਂਕ ਨਾਲ ਲੜਨ ਲਈ ਤਿਆਰ ਹੋਣਗੇ ਜਾਂ ਸਰਕਾਰ ਸਾਰੇ ਸਿੱਖਾਂ ਨੂੰ ਫੌਜ ਵਿਚੋਂ ਕੱਢ ਦੇਵੇਗੀ ? ਜੇ ਸਰਕਾਰ ਐਸਾ ਕਰੇਗੀ ਤਾਂ ਸਾਰੀ ਕੌਮ ਨੂੰ ਤੁਸੀਂ ਕਿਸ ਤਰ੍ਹਾਂ ਦਬਾ ਕੇ ਰੱਖ ਸਕੋਗੇ, ਸਿਵਾਏ ਇਸ ਦੇ ਕਿ ਪੰਜਾਬ ਵਿਚ ਹੁਣ ਫੌਜ ਦੇ ਜ਼ੋਰ ਨਾਲ ਹੀ ਰਾਜ ਕੀਤਾ ਜਾਵੇਗਾ।

ਸਿਰਫ ਹਿੰਸਾ ਦੀ ਨਿੰਦਾ ਕਰਨੀ ਹੀ ਕਾਫ਼ੀ ਨਹੀਂ,ਇਸ ਦੀ ਤਹਿ ਤਕ ਜਾਣਾ ਪਵੇਗਾ। ਸਾਨੂੰ ਸਮਝਣਾ ਪਵੇਗਾ ਕਿਇਹ ਇਸ ਤਰ੍ਹਾਂ ਕਿਉਂ ਫੈਲੀ ਤੇ ਇਕ ਦੂਜੇ ਨੂੰ ਸਬਕ ਸਿਖਾਉਣਾ ਸਾਨੂੰ ਕਿਥੇ ਪੁਚਾਏਗਾ ?...—ਸੰਤ ਸਿਪਾਹੀ, ਫਰ: ੮੫

# ਵਿਸ਼ੇਸ਼ ਅਦਾਲਤਾਂ ਕਿਉਂ ?

ਇਹ ਬੜੀ ਦੁੱਖ ਤੇ ਹੈਰਾਨੀ ਭਰੀ ਗੱਲ ਹੈ ਕਿ ਪੰਜਾਬ ਵਿਚ ਫੌਜੀ ਐਕਸ਼ਨ ਦੌਰਾਨ ਫੜੇ ਸਿੱਖ ਯੁਵਕਾਂ ਤੇ ਵਿਸ਼ੇਸ਼ ਅਦਾਲਤਾਂ ਵਿਚ ਗੁਪਤ ਰੂਪ ਵਿਚ ਮੁਕੱਦਮੇ ਚਲਾਏ ਜਾ ਰਹੇ ਹਨ। ਇਸ ਦਾ ਕਾਰਨ ਦੇਸ਼ ਦੇ ਵੱਡੇ ਰਿਟਾਇਰਡ ਜਨਰਲ, ਉਘੇ ਪੱਤ੍ਰਕਾਰ ਤੇ ਕਾਨੂੰਨੀ ਮਾਹਿਰ ਸਰਕਾਰ ਕੋਲੋਂ ਪੁੱਛ ਰਹੇ ਹਨ, ਪਰ ਸਰਕਾਰ ਕੋਲ ਇਸ ਦਾ ਕੋਈ ਉੱਤਰ ਨਹੀਂ। ਇਹ ਗੱਲ ਸਾਫ ਪ੍ਰਤੀਤ ਹੋ ਰਹੀ ਹੈ ਕਿ ਸਰਕਾਰ ਦੀ ਸਿੱਖ-ਵਿਰੋਧੀ ਨੀਤੀ ਉਸੇ ਤਰ੍ਹਾਂ ਕਾਇਮ ਹੈ। ਸਰਕਾਰ ਚਾਹੁੰਦੀ ਹੈ ਕਿ ਸਿੱਖ ਨੌਜਵਾਨਾਂ ਤੇ ਵਿਸ਼ੇਸ਼ ਅਦਾਲਤਾਂ ਵਿਚ ਮੁਕੱਦਮੇ ਚਲਾ ਕੇ ਆਪਣੀ ਮਰਜ਼ੀ ਨਾਲ ਉਨ੍ਹਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿਵਾ ਸਕੇ ਅਤੇ ਸਿੱਖ ਨੌਜਵਾਨ ਆਪਣੇ ਬਚਾਓ ਲਈ ਵੀ ਕੋਸ਼ਿਸ਼ ਨਾ ਕਰ ਸਕਣ। ਸਰਕਾਰ ਦੇ ਇਸ ਛੋਟੀ ਤੇ ਜ਼ਾਲਮਾਨਾ ਰਵੱਈਏ ਨੇ ਮੁਗ਼ਲ ਹਕੂਮਤ ਦੀ ਕਠੋਰਤਾ ਨੂੰ ਵੀ ਮਾਤ ਪਾ ਦਿੱਤਾ ਹੈ। ਪੰਜਾਬ ਵਿਚ ਅਕਾਲੀ ਅੰਦੋਲਨ ਜੋ ੧੯੮੦ ਤੋਂ ਚਲ ਰਿਹਾ ਹੈ ਉਹ ਪੁਲੀਟੀਕਲ ਹੈ ਤੇ ਪੁਲੀਟੀਕਲ ਕੈਦੀਆਂ ਨੂੰ ਜੇਲ੍ਹਾਂ ਵਿਚ ਘਟੀਆ ਖੁਰਾਕ ਦੇਣੀ, ਉਨ੍ਹਾਂ ਤੇ ਸਰੀਰਕ ਜ਼ੁਲਮ ਢਾਹੁਣਾ, ਉਨ੍ਹਾਂ ਦੇ ਮਿਲਣ ਵਾਲਿਆਂ ਨੂੰ ਮੁਲਾਕਾਤਾਂ ਤੋਂ ਰੋਕਣਾ, ਬਾਹਰੋਂ ਅੱਛੀ ਖ਼ੁਰਾਕ ਨਾ ਆਉਣ ਦੇਣ ਵਾਲੀਆਂ ਕੋਝੀਆਂ ਹਰਕਤਾਂ ਨਿਰਸੰਦੇਹ ਲੋਕਤੰਤਰ ਦੇ ਮੂੰਹ ਤੇ ਨਾ ਮਿਟਣ ਵਾਲਾ ਕਲੰਕ ਹੈ। ਅੰਗਰੇਜ਼ੀ ਹਕੂਮਤ ਵਿਚ ਅੰਗਰੇਜ਼ੀ ਅਦਾਲਤਾਂ ਨੇ ਵੀ ਕਦੀ ਦੇਸ਼ ਦੀ ਅਜ਼ਾਦੀ ਦੇ ਘੁਲਾਟੀਆਂ ਨੂੰ ਸਪੈਸ਼ਲ ਅਦਾਲਤਾਂ ਵਿਚ ਨਹੀਂ ਸੀ ਰੋਲਿਆ। ਪਰ ਸਾਡੇ ਦੇਸ਼, ਜਿਸ ਨੂੰ ਕਿ ਗੁੱਟ-ਨਿਰਪੱਖ ਦੇਸ਼ਾਂ ਦਾ ਮੁਖੀ ਕਿਹਾ ਜਾਂਦਾ ਹੈ, ਨੇ ਸਿੱਖ ਨੌਜਵਾਨਾਂ ਲਈ ਵਿਸ਼ੇਸ਼ ਅਦਾਲਤਾਂ ਦੀ ਕਾਇਮੀ ਕਰਕੇ ਬੇਇਨਸਾਫ਼ੀ ਤੇ ਅਤਿਆਚਾਰ ਦੇ ਪਿਛਲੇ ਸਾਰੇ ਰਿਕਾਰਡ



www.AKJ.Org

ਮਾਤ ਪਾ ਦਿਤੇ ਹਨ। ਪਿਛਲੇ ਦਿਨੀਂ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਖੇ ਪੰਜਾਬ ਸਮੱਸਿਆ ਪ੍ਰਤੀ ਅਕਾਦਮਿਕ ਪਹੁੰਚ ਵਿਸ਼ੇ ਤੇ ਵਿਚਾਰ-ਗੋਸ਼ਟੀ ਹੋਈ, ਜਿਸ ਵਿਚ ਜਰਨਲ ਜਗਜੀਤ ਸਿੰਘ ਅਰੋੜਾ, ਸ੍ਰੀ ਇੰਦਰ ਕੁਮਾਰ ਗੁਜਰਾਲ, ਡਾ: ਪੁਰੀ, ਡਾ: ਅਮਰ ਸਿੰਘ ਧਾਲੀਵਾਲ ਤੇ.ਸ੍ਰੀ ਕੁਲਦੀਪ ਨਈਅਰ ਨੇ ਹਿੱਸਾ ਲਿਆ ਅਤੇ ਸਰਬ ਸੰਮਤੀ ਨਾਲ ਇਹ ਪ੍ਰਗਟਾਵਾ ਕੀਤਾ ਹੈ ਕਿ—ਪੰਜਾਬ ਦੀ ਸਮੱਸਿਆ ਨੇ ਪੰਜਾਬੀਆਂ ਦੇ ਮਨਾਂ ਵਿਚ ਡੂੰਘੇ ਗ਼ਮ ਤੇ ਗੁੱਸੇ ਦੀ ਭਾਵਨਾ ਭਰ ਦਿਤੀ ਹੈ ਤੇ ਸਾਰੇ ਅਕਾਲੀ ਲੀਡਰਾਂ, ਜਿਨ੍ਹਾਂ ਵਿਰੁਧ ਕੋਈ ਸਪਸ਼ਟ ਹਿੰਸਾ ਦੇ ਦੋਸ਼ ਨਹੀਂ, ਉਨ੍ਹਾਂ ਨੂੰ ਫੌਰੀ ਤੌਰ ਤੇ ਰਿਹਾ ਕੀਤਾ ਜਾਵੇ। ਜਿਨ੍ਹਾਂ ਤੇ ਸਪਸ਼ਟ ਦੋਸ਼ ਹਨ ਉਨ੍ਹਾਂ ਤੇ ਮੁਕੱਦਮੇ ਵੀ ਆਮ ਅਦਾਲਤਾਂ ਵਿਚ ਦੇਸ਼ ਦੇ ਆਮ ਕਾਨੂੰਨਾਂ ਅਧੀਨ ਚਲਾਏ ਜਾਣ। ਖਾਲਸਾ ਸਮਾਚਾਰ, ੭-੩-੮੫

# ਗਿਆਨੀ ਦਾਤਾਰ ਸਿੰਘ ਜੀ ਦਿਲੀ

ਗਿ: ਦਾਤਾਰ ਸਿੰਘ ਜੀ ਸਿਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਤੋਂ ਕੋਰਸ ਪਾਸ ਕਰ ਕੇ ਪਹਿਲਾਂ ਸਿਖ ਅਲੀਗੜ੍ਹ ਮਿਸ਼ਨ ਵਿਚ ਪ੍ਰਚਾਰਕ ਰਹੇ। ਬਾਅਦ ਵਿਚ ਮਨਿਸਟ੍ਰੀ ਆਫ਼ ਰੀ-ਹੈਬਲੀਟੇਸ਼ਨ ਅਤੇ ਮਨਿਸਟ੍ਰੀ ਆਫ਼ ਡੀਫੈਂਸ ਵਿਚ ਕਲਰਕ ਰਹੇ। ੧੯੭੭ ਵਿਚ ਸਰਕਾਰੀ ਨੌਕਰੀ ਤੋਂ ਰੀਟਾਇਰ ਹੋ ਕੇ ਆਪ ਪਰਵਾਰ ਸਮੇਤ ਨੰਦ ਨਗਰੀ ਵਿਚ ਆਪਣੇ ਮਕਾਨ ਬਣਾ ਕੇ ਰਹਿਣ ਲਗ ਪਏ।

ਆਪ ਨੇ ਆਪਣੀ ਸਾਰੀ ਜ਼ਿੰਦਗੀ ਬੜੀ ਸਾਦਗੀ ਵਿਚ ਬਿਤਾਈ। ਸਰਵਿਸ ਦੌਰਾਨ ਸਰਕਾਰੀ ਕਵਾਟਰਾਂ ਆਰ.ਕੇ. ਪੁਰਮ ਵਿਖੇ ਹਰ ਬੁਧਵਾਰ ਘਰ ਘਰ ਕੀਰਤਨ ਕਰਾਂਦੇ ਰਹੇ। ਦੁਸਹਿਰੇ ਸਮੇਂ ਦਿਲੀ ਦੇ ਸਾਲਾਨਾ ਕੀਰਤਨ ਸਮਾਗਮਾਂ ਵਿਚ ਅਤੇ ਹਫ਼ਤੇਵਾਰੀ ਪ੍ਰੋਗਰਾਮਾਂ ਵਿਚ ਆਪ ਜੀ ਲੰਗਰ ਦੀ ਅਟੁਟ ਸੇਵਾ ਕਰਦੇ ਸਨ। ਰੀਟਾਇਰ ਹੋਣ ਤੇ ਨੰਦ ਨਗਰੀ ਦੇ ਬੱਚਿਆਂ ਨੂੰ ਪੰਜਾਬੀ ਪੜ੍ਹਾਉਣ, ਗੁਰਬਾਣੀ ਕੰਠ ਕਰਾਉਣ ਅਤੇ ਸਿਖੀ ਰਹਿਣੀ ਬਹਿਣੀ ਅਪਣਾਉਣ ਲਈ ਉਚੇਚੇ ਜਤਨ ਕਰਦੇ ਰਹੇ। ਜਦੋਂ ਉਨ੍ਹਾਂ ਵੇਖਿਆ ਕਿ ਨੰਦ ਨਗਰੀ ਦੇ ਸਰਕਾਰੀ ਹਾਇਰ ਸੈਕੰਡਰੀ ਸਕੂਲ ਵਿਚ ਪੰਜਾਬੀ ਪੜ੍ਹਾਉਣ ਦਾ ਕੋਈ ਪਰਬੰਧ ਨਹੀਂ ਤਾਂ ਆਪ ਛੇ ਮਹੀਨੇ ਦੇ ਕਰੀਬ ਓਦੋਂ ਤਕ ਸਕੂਲ ਦੇ ਬੱਚਿਆਂ ਨੂੰ ਪੰਜਾਬੀ ਪੜ੍ਹਾਉਣ ਦੀ ਫ਼ਰੀ ਸੇਵਾ ਕਰਦੇ ਰਹੇ ਜਦ ਤਕ ਕਿ ਸਕੂਲ ਵਿਚ ਪੰਜਾਬੀ ਟੀਚਰ ਨਿਯੁਕਤ ਹੋ ਕੇ ਆ ਨਹੀਂ ਗਿਆ। ਅਜਿਹੇ ਗੁਣਾਂ ਕਰਕੇ ਹੀ ਕਾਲੋਨੀ ਦੇ ਕਈ ਸਿਖ ਵਸਨੀਕ ਸਤਿਕਾਰ ਵਜੋਂ ਆਪ ਜੀ ਨੂੰ ਪਿਤਾ ਜੀ' ਕਹਿ ਕੇ ਖੁਸ਼ੀ ਪ੍ਰਾਪਤ ਕਰਦੇ ਸਨ।

ਪਹਿਲੀ ਨਵੰਬਰ ੧੯੮੪ ਨੂੰ ਸਿਖਾਂ ਲਈ ਜੋ ਖ਼ੂਨੀ ਹਨੇਰੀ ਤੇ ਤੂਫ਼ਾਨ ਆਇਆ, ਉਸ ਦਾ ਭਿਆਨਕ ਝਖੜ ਨੰਦ ਨਗਰੀ ਤੇ ਵੀ ਬੁਰੀ ਤਰ੍ਹਾਂ ਝੁਲਿਆ। ਹਜ਼ਾਰਾਂ ਗੁੰਡਿਆਂ ਨੇ ਪਹਿਲਾਂ ਗੁਰਦੁਆਰਾ ਸਾਹਿਬ ਤੇ ਹਮਲਾ ਕੀਤਾ ਅਤੇ ਫਿਰ ਸਾਰੀ ਅਬਾਦੀ ਦੇ ਸਿਖਾਂ ਨੂੰ ਘੇਰ ਲਿਆ। ਗਿਆਨੀ ਜੀ ਦਾ ਇਕ ਪੁੱਤਰ ਤੇ ਨੂੰਹ ਹੇਠਾਂ ਕਮਰੇ ਵਿਚ ਸਨ। ਜਦੋਂ ਬਦਮਾਸ਼ ਟੋਲੇ ਨੇ ਉਨ੍ਹਾਂ ਦੀ ਨੂੰਹ ਦੀਆਂ ਅੱਖਾਂ ਵਿਚ ਪੋਡਰ ਪਾ ਕੇ ਅੰਨ੍ਹਾ ਕੀਤਾ ਅਤੇ ਫਿਰ ਉਸਦੀ ਪਤ ਲੁਟਣੀ ਚਾਹੀ ਤਾਂ ਆਪ ਨੇ ਉਪਰਲੀ ਛੱਤ ਤੋਂ ਹੇਠਾਂ ਛਾਲ ਮਾਰ ਦਿਤੀ, ਪਰ ਗੁੰਡਿਆਂ ਨੇ ਕੋਈ ਪੇਸ਼ ਨਾ ਜਾਣ ਦਿਤੀ ਅਤੇ ਥਾਂ ਤੇ ਹੀ ਲੋਹੇ ਦੀਆਂ ਸੀਖਾਂ ਤੇ ਸਰੀਆਂ ਨਾਲ ਕੁਟ ਕੁਟ ਕੇ ਖ਼ਤਮ ਕਰ ਦਿਤਾ। ਗਿਆਨੀ ਜੀ ਦੇ ਪਰਵਾਰ ਦੇ ਹੇਠ ਲਿਖੇ ਹੋਰ ਚਾਰ ਜੀਅ ਜ਼ਾਲਮਾਂ ਹਥੋਂ ਬੇਤਰਸੀ ਨਾਲ ਕੋਹ ਕੋਹ ਕੇ ਮਾਰੇ ਗਏ—

੧. ਪੁਤਰ—ਭਾਈ ਹਰਜੀਤ ਸਿੰਘ B. Com, ਉਮਰ ੨੭ ਸਾਲ, DSIDS ਵਿਚ ਸਰਕਾਰੀ ਨੌਕਰ।

੨. ਨੂੰਹ—ਬੀਬੀ ਗੁਰਜੀਤ ਕੌਰ ਬੀ. ਏ., ਉਮਰ ੨੫ ਸਾਲ।

੩. ਪੋਤਰਾ ਭਾਈ ਮਨਜੀਤ ਸਿੰਘ ਬੀ. ਏ., ਉਮਰ ੨੬ ਸਾਲ, EIL ਵਿਚ ਡਰਾਫ਼ਟਸਮੈਨ।

੪. ਪੋਤਰਾ ਭਾਈ ਦਲਜੀਤ ਸਿੰਘ, ਉਮਰ ੨੩ ਸਾਲ, DSIDC ਵਿਚ ਆਪਣੀ ਵਰਕਸ਼ਾਪ ਸੀ।

੫. ਗਿਆਨੀ ਜੀ ਆਪ, ਉਮਰ ੬੦ ਸਾਲ ਦੇ ਕਰੀਬ।

ਕੇਵਲ ਨੰਦ ਨਗਰੀ ਵਿਚ ਹੀ ੧੫੩ ਸਿਖ ਮਰਦ, ਇਸਤ੍ਰੀਆਂ ਤੇ ਬੱਚੇ ਇਸ ਘਲੂਘਾਰੇ ਵਿਚ ਮੌਤ ਦੇ ਘਾਟ ਉਤਾਰੇ ਗਏ ਅਤੇ ਲਖਾਂ ਰੁਪਿਆਂ ਦੀਆਂ ਜਾਇਦਾਦਾਂ ਸਾੜੀਆਂ ਫੂਕੀਆਂ ਤੇ ਬਰਬਾਦ ਕੀਤੀਆਂ ਗਈਆਂ।



www.AKJ.Org

# ਸ਼ਹੀਦੀ ਤੇ ਪੀੜਤ-ਪਰਵਾਰ ਫ਼ੰਡ

ਦਿਲੀ, ਕਾਨਪੁਰ, ਸ੍ਰੀ ਅੰਮ੍ਰਿਤਸਰ ਅਤੇ ਭਾਰਤ ਦੇ ਹੋਰ ਪ੍ਰਾਂਤਾਂ ਵਿਚ ਸਿਖਾਂ ਦਾ ਜੋ ਕਤਲੇ-ਆਮ ਹੋਇਆ, ਅਨੇਕਾਂ ਬੀਬੀਆਂ ਵਿਧਵਾ ਤੇ ਹਜ਼ਾਰਾਂ ਬੱਚੇ ਯਤੀਮ ਬਣੇ, ਅਖੰਡ ਕੀਰਤਨੀ ਜਥੇ ਦੇ ਵੀ ਕਈ ਪਰਵਾਰ ਤਬਾਹ ਬਰਬਾਦ ਹੋਏ ਅਤੇ ਕਈ ਗੁਰੂ ਕੇ ਲਾਲ ਸ਼ਹੀਦੀਆ ਪਾ ਗਏ। ਇਨ੍ਹਾਂ ਪੀੜਤ ਪਰਵਾਰਾਂ ਦੀ ਸਹਾਇਤਾ ਲਈ ਸਾਡਾ ਕੁਝ ਫ਼ਰਜ਼ ਬਣਦਾ ਹੈ। ਇਸ ਸੰਬੰਧ ਵਿਚ ਜਿਹੜੇ ਸਜਣ ਰਕਮਾਂ ਬੈਂਕ ਡਰਾਫਟਾਂ ਜਾਂ ਚੈਕਾਂ ਰਾਹੀਂ ਭੇਜਦੇ ਹਨ, ਉਨ੍ਹਾਂ ਉਪਰ ਕੇਵਲ "ਅਖੰਡ ਕੀਰਤਨੀ ਜਥਾ ਅੰਮ੍ਰਿਤਸਰ" ਲਿਖਣ, ਹੋਰ ਕੋਈ ਨਾਉਂ ਨਾ ਲਿਖਿਆ ਜਾਏ।

| | |
|---|---|
| ਭਾਈ ਟਿੰਦਰ ਸਿੰਘ ਜੀ ਚੰਡੀਗੜ੍ਹ | ੧੧੦੦-੦੦ |
| ਗੁਰੂ ਕੀ ਗੋਲਕ | ੫੦੦-੦੦ |
| ਕਰਨਲ ਕੁਲਵੰਤ ਸਿੰਘ ਸ੍ਰੀ ਅੰਮ੍ਰਿਤਸਰ | ੧੦੦-੦੦ |
| ਸ: ਹਰਬੰਸ ਸਿੰਘ, ਨਰੈਣਾ, ਨਵੀਂ ਦਿਲੀ | ੧੦੦-੦੦ |
| ਸ: ਅਤਰ ਸਿੰਘ, ਨਵੀਂ ਦਿੱਲੀ | ੧੦੧-੦੦ |
| ਸ: ਪ੍ਰੇਮ ਸਿੰਘ ਜਸਵਾਲ ਭਵਨ ਸ਼ਿਮਲਾ | ੨੫੦-੦੦ |
| ਜਥੇਦਾਰ ਭਾਈ ਰਾਮ ਸਿੰਘ ਜੀ | ੧੦੦-੦੦ |
| ਸ: ਹਰਬੰਸ ਸਿੰਘ, ਨਰੈਣਗੜ੍ਹ (ਅੰਬਾਲਾ) | ੨੧-੦੦ |
| ਸ: ਤਰਨਬੀਰ ਸਿੰਘ ਜੀ, ਮਾਹਲਪੁਰ | ੧੦੧-੦੦ |
| ਸੰਗਤ ਕਾਲਾ ਕੋਟ (ਜੰਮੂ) | ੩੧੨-੦੦ |
| ਸ: ਅਵਤਾਰ ਸਿੰਘ ਡਰਾਫ਼ਟਸਮੈਨ, ਫ਼ਰੱਕਾ | ੨੦੦੦-੦੦ |
| ਪ੍ਰਕਾਸ਼ ਸਾਈਕਲ ਵਰਕਸ, ਅੰਮ੍ਰਿਤਸਰ | ੧੨-੩੮ |
| ਭਾਈ ਰੂੜ ਸਿੰਘ ਜੀ | ੧੨੫-੦੦ |
| ਬੀਬੀ ਪ੍ਰੀਤਮ ਕੌਰ, ਨਵੀਂ ਦਿਲੀ | ੧੦੦੦-੦੦ |
| ਸ: ਰਾਜਿੰਦਰ ਸਿੰਘ ਵੈਨਕੋਵਰ ਕੈਨੇਡਾ | ੧੦੧੭-੨੨ |
| ਬੀਬੀ ਅੰਮ੍ਰਿਤ ਕੌਰ ਮਦਾਨ, ਕੈਲਗਰੀ ਕੈਨੇਡਾ | ੯੯੫-੦੦ |
| ਸ: ਪਰਮਜੀਤ ਸਿੰਘ, ਆਦਮ ਪੁਰ | ੨੦੧-੦੦ |
| ਸ: ਦੀਦਾਰ ਸਿੰਘ ,, | ੧੦੧-੦੦ |
| ਸ: ਪਰਮਿੰਦਰ ਸਿੰਘ ,, | ੧੦੧-੦੦ |
| ਸ: ਤੀਰਥ ਸਿੰਘ ,, | ੧੦੧-੦੦ |
| ਸ: ਕਰਨੈਲ ਸਿਘ ,, | ੫੧-੦੦ |
| ਸ: ਲਾਲ ਸਿੰਘ ,, | ੫੧-੦੦ |
| ਸ: ਸਰਬਜੀਤ ਸਿੰਘ ,, | ੫੧-੦੦ |
| ਸ: ਬਲਬੀਰ ਸਿੰਘ ,, | ੫੧-੦੦ |
| ਸ: ਰਤਨ ਸਿੰਘ ,, | ੫੧-੦੦ |
| ਸ: ਰੇਸ਼ਮ ਸਿੰਘ ,, | ੫੧-੦੦ |
| ਸ: ਉਧਮ ਸਿੰਘ ,, | ੫੧-੦੦ |
| ਸ: ਮਨਜੀਤ ਸਿੰਘ ,, | ੫੧-੦੦ |
| ਸ: ਜਰਨੈਲ ਸਿੰਘ ,, | ੫੦-੦੦ |
| ਸ: ਸੰਸਾਰ ਸਿੰਘ ,, | ੧੫-੦੦ |
| ਸ; ਪ੍ਰੀਤਮ ਸਿੰਘ ,, | ੧੦-੦੦ |
| ਸ: ਤੀਰਥ ਸਿੰਘ ,, | ੫੧-੦੦ |
| ਇਕ ਬੀਬੀ ਜੀ ਇੰਗਲੈਂਡ | ੧੦੦-੦੦ |
| ਭਾਈ ਰਾਜਿੰਦਰ ਸਿੰਘ, ਫਗਵਾੜਾ | ੫੦-੦੦ |
| ਭਾਈ ਮੋਤਾ ਸਿੰਘ ,, | ੧੦੦-੦੦ |
| ਭਾਈ ਕਸ਼ਮੀਰਾ ਸਿੰਘ ,, | ੫੦-੦੦ |
| ਮਾਸਟਰ ਗਿਆਨ ਸਿੰਘ ,, | ੫੧-੦੦ |

| | |
|---|---|
| ਭਾਈ ਹਰਚਰਨ ਸਿੰਘ ਫਗਵਾੜਾ ਬੱਚੀ ਦੇ ਅਨੰਦ ਸਮੇਂ ਚੜ੍ਹਾਵਾ | ੨੫੪-੦੦ |
| ਡਾਕਟਰ ਚਰਨ ਸਿੰਘ ਫਗਵਾੜਾ | ੩੦੦-੦੦ |
| ਭਾਈ ਗੁਰਦੀਪ ਸਿੰਘ ,, | ੧੦੧-੦੦ |
| ਭਾਈ ਜਗਿੰਦਰ ਸਿੰਘ ਜਸਪਾਲਪੁਰ, ਫਗਵਾੜਾ | ੫੦-੦੦ |
| ਠੇਕੇਦਾਰ ਤਰਸੇਮ ਸਿੰਘ ਜੀ ਗੰਗਟਕ | ੭੫੧-੦੦ |
| ਸ: ਸੁਖਵਿੰਦਰ ਸਿੰਘ ਫਗਵਾੜਾ | ੧੦੦-੦੦ |
| ਭਾਈ ਨਾਹਰ ਸਿੰਘ, ਉਪੋਕੇ (ਮਲੇਰ ਕੋਟਲਾ) | ੫੦-੦੦ |
| ਸਵਰਗੀ ਸਿਕੰਦਰ ਸਿੰਘ ਨੋਵੀ ਵਾਲੇ ਰਾਹੀਂ ਮਾਤਾ ਅਮਰ ਕੌਰ ਵਿਧਵਾ ਸ: ਸਵਰਨ ਸਿੰਘ, ਹਸਨਪੁਰ | ੨੮੦-੦੦ |
| ਮਾਤਾ ਜਸਵੰਤ ਕੌਰ ਸੁਪਤਨੀ ਸ: ਕਰਤਾਰ ਸਿੰਘ ਅਲੀਗੜ੍ਹ (ਜਗਰਾਉਂ) | ੨੦੦-੦੦ |
| ਮਾ: ਅਰਜਨ ਸਿੰਘ, ਹਸਨਪੁਰ (ਲੁਧਿਆਣਾ) | ੧੦੦-੦੦ |
| ਸ: ਸੰਤ ਸਿੰਘ, ਮੋਹਾਲੀ | ੧੦੦-੦੦ |
| ਬੀਬੀ ਜੋਗਿੰਦਰ ਕੌਰ ,, | ੧੦੦-੦੦ |
| ਬੀਬੀ ਮਹਿੰਦਰ ਬੀਰ ਕੌਰ ,, | ੧੦੦-੦੦ |
| ਮਾਤਾ ਰਾਜਿੰਦਰ ਕੌਰ ਸੁਪਤਨੀ ਸ: ਅਜੀਤ ਸਿੰਘ ਪਟਵਾਰੀ, ਸਮਰਾੜੀ (ਫ਼ਿਲੌਰ) | ੧੦੦-੦੦ |
| ਸ: ਸੁਖਬੀਰ ਸਿੰਘ, ਝਾਂਸਾ (ਕੁਰਕਸ਼ੇਤਰ) | ੫੦-੦੦ |
| ਸ: ਜਗਦੀਸ਼ ਸਿੰਘ, ਨਵੀਂ ਦਿੱਲੀ-੧੫ | ੧੫੦-੦੦ |
| W O ਅਵਤਾਰ ਸਿੰਘ, ਗੜ੍ਹਦੀਵਾਲਾ(ਹੁਸ਼ਿਆਰਪੁਰ) | ੫੦-੦੦ |
| ਸ: ਰੇਸ਼ਮ ਸਿੰਘ, ਬੁਲੋਵਾਲ (ਹੁਸ਼ਿਆਰਪੁਰ) | ੧੦੦-੦੦ |
| ਸ: ਅਮਰੀਕ ਸਿੰਘ, ਨਕੀਰੀਆਂ (ਫ਼ਿਰੋਜ਼ਪੁਰ) | ੫ -੦੦ |
| ਗੁਪਤ ਸਾਬਰਮਤੀ ਅਹਿਮਦਾਬਾਦ | ੧੦੧-੦੦ |
| ਕੀਰਤਨੀ ਜਥਾ, ਨੰਗਲ ਟਾਊਨਸ਼ਿਪ | ੧੦੦੦-੦੦ |
| ਭਾਈ ਗੁਰਬਚਨ ਸਿੰਘ ਖੇਮੋਆਣਾ (ਬਠਿੰਡਾ) | ੨੫੦-੦੦ |
| ਗੁਪਤ ਫਤੇਵਾਲ, ਬੁਲੋਵਾਲ (ਹੁਸ਼ਿਆਰਪੁਰ) | ੧੨੦-੦੦ |
| ਭਾ: ਗੁਲਜ਼ਾਰ ਸਿੰਘ ਬੀ: ਪਰਮਜੀਤ ਕੌਰ, ਚੀਮੇ | ੫੧-੦੦ |
| ਭਾਈ ਰਭਜਨ ਸਿੰਘ ਫਰੀਦਾਬਾਦ | ੨੧-੦੦ |
| ਬੀਬੀ ਹਰਜੀਤ ਕੌਰ ਲੁਧਿਆਣਾ | ੩੦੦-੦੦ |
| ਭਾਈ ਤਾਰਾ ਸਿੰਘ, ਡਿਖ (ਰਾਮਪੁਰਾ ਫੂਲ) | ੫੦-੦੦ |
| CPL ਪ੍ਰੀਤਮ ਸਿੰਘ, ਤੂਸਾ (ਲੁਧਿਆਣਾ) | ੫੧-੦੦ |
| ਸ: ਅਮ੍ਰੀਕ ਸਿੰਘ ਖਾਲਸਾ, ਇਬਰੀ (ਉਮਾਨ) | ੫੦੦-੦੦ |
| ਭਾਈ ਮਹਿੰਦਰ ਸਿੰਘ ਖਾਲਸਾ, ਨੰਗਲ ਟਾਉਨਸ਼ਿਪ | ੧੨[illegible]-੦੦ |
| ਸ: ਪ੍ਰਦੁਮਨ ਸਿੰਘ ਜਲੰਧਰ (ਗੋਲਕ ਫੰਡ) | ੧੦੦-੦੦ |
| ਸ: ਹਰਗੋਪਾਲ ਸਿੰਘ, ਅੰਮ੍ਰਿਤਸਰ | ੫੧-੦੦ |
| ਆਰ ਐਸ ਰੰਧਾਵਾ, ਨਵੀਂ ਦਿਲੀ | ੭੦੦-੦੦ |

**ਪ੍ਰੋ: ਠਾਕਰ ਸਿੰਘ ਜੀ ਦੇ ਗ੍ਰਹਿ 85 ਲਾਰੰਸ ਰੋਡ, ਅੰਮ੍ਰਿਤਸਰ ਵਿਖੇ 5 ਮਈ ਨੂੰ ਭੋਗ ਸ੍ਰੀ ਅਖੰਡਪਾਠ, ਕੀਰਤਨ**

**ਪ੍ਰਦੇਸੀ ਅਮਾਨਤੀ ਲਾਈਫ਼ ਮੈਂਬਰ ਆਪਣੇ ਬਕਾਏ ਛੇਤੀ ਭੇਜਣ।**

www.AKJ.Org

| | |
|---|---|
| ਭਾਈ ਅਜੀਤ ਸਿੰਘ, ਘਣੀਆਂ(ਰਮਾਣਾ-ਫਰੀਦਕੋਟ) | ੧੦੦-੦੦ |
| ਸ: ਰਾਜਵਿੰਦਰ ਸਿੰਘ ਗਿਲ, ਅੰਮ੍ਰਿਤਸਰ | ੧੦੦-੦੦ |
| ਭਾਈ ਭੁਪਿੰਦਰ ਸਿੰਘ, ਧਨਬਾਦ | ੧੫-੦੦ |
| ਸਮੂਹ ਸੰਗਤ ਮਸਕਟ (ਉਮਾਨ) | ੩੧੮੩-੫੦ |
| ਸ: ਅਜਿੰਦਰ ਸਿੰਘ ਨਵੀਂ ਦਿਲੀ | ੫੦-੦੦ |
| ਗੁਪਤ ਬੀਬੀ ਜੀ, ਧਨੌਲਾ (ਸੰਗਰੂਰ) | ੧੦੦-੦੦ |
| ਸ: ਬਖਸ਼ੀਸ਼ ਸਿੰਘ, ਫਰੀਦਾਬਾਦ | ੬੧-੦੦ |
| JWO ਕੁਲਦੀਪ ਸਿੰਘ ਮਤਵਾਲਾ, ਬਿਦਰ | ੫੦-੦੦ |
| ਸਾਧ ਸੰਗਤ ਦੋਹਾ ਕਤਰ (U A.E) | ੧੦,੨੬੫-੦੦ |
| ਸ: ਮੱਖਣ ਸਿੰਘ ਗਿਲ J.E. ਅੰਮ੍ਰਿਤਸਰ | ੧੦੦-੦੦ |
| ਸਾਧ ਸੰਗਤ ਨਰੋਰਾ (ਬੁਲੰਦ ਸ਼ਹਿਰ) | ੧੦੨੧-੦੦ |
| CPL. ਕੇ. ਸਿੰਘ ਨੰ: ੧੬ ਵਿੰਗ A,F. | ੧੫-੦੦ |
| ਸ: ਹਰਦੇਵ ਸਿੰਘ, ਵਡੋਡਰਾ (ਬੜੌਦਾ) | ੧੦੦੦-੦੦ |
| ਭਾ: ਰਜਿੰਦਰ ਸਿੰਘ ਜਸਬੀਰ ਸਿੰਘ, ਨਵੀਂ ਦਿਲੀ | ੧੦੦-੦੦ |
| ਸ: ਈਸ਼ਰ ਸਿੰਘ S/o ਮਾ: ਗੁਰਸੇਵਕ ਸਿੰਘ, ਮੁਲਾਂਪੁਰ | ੨੫੦-੦੦ |
| ਭਾਈ ਅਵਤਾਰ ਸਿੰਘ ਚੰਡੀਗੜ੍ਹ (ਚੜ੍ਹਾਵਾ ਸਮਾਗਮ) | ੧੦੮-੦੦ |
| ਸ: ਦਰਸ਼ਨ ਸਿੰਘ, ਨਵੀਂ ਦਿਲੀ-੧੫ | ੯੯੫-੦੦ |
| ਗਿਆਨੀ ਤੇਜਾ ਸਿੰਘ ਜੀ | ੧੦੦-੦੦ |
| ਬੀਬੀ ਕਰਤਾਰ ਕੌਰ ਯੂ. ਕੇ. | ੧੦੦-੦੦ |
| ਬੀਬੀ ਸਤਬੀਰ ਕੌਰ, ਘਵਿੰਡ | ੫੦੦-੦੦ |
| Sgt. ਕਿਰਪਾਲ ਸਿੰਘ ਬਬਰਾ, ਕਲਕਤਾ | ੨੦੧-੦੦ |
| ਭਾਈ ਜੋਗਿੰਦਰ ਸਿੰਘ ਨੈਣੇ ਕੋਟ | ੨੦੦-੦੦ |
| ਸਿੰਘ ਸਾਹਿਬ ਤੇ ਬੀਬੀ ਪਵਿਤਰ ਕੌਰ ਅੰਮ੍ਰਿਤਸਰ | ੫੧-੦੦ |
| ਭਾਈ ਕੁਲਦੀਪ ਸਿੰਘ ਜੀ ਨੇਵੀ, ਬੰਬੇ | ੧੦੦-੦੦ |
| ਸ: ਜਗਦੀਸ਼ ਸਿੰਘ Niles (U.S.A.) | ੩੦੪੦-੦੦ |

| | |
|---|---|
| ਸ: ਤਰਨਬੀਰ ਸਿੰਘ, ਮਾਹਲਪੁਰ | ੧੦੦-੦੦ |
| ਸ: ਅਵਤਾਰ ਸਿੰਘ ਗਿਲ OEM,424 RMPL, | ੧੦੦-੦੦ |
| ਡਾ. ਦਲੀਪ ਸਿੰਘ, ਕਲਕਤਾ-੬੩ | ੧੦੦-੦੦ |
| ਸ. ਹਰਬੰਸ ਸਿੰਘ, ਨਰੈਣਗੜ੍ਹ (ਅੰਬਾਲਾ) | ੨੧-੦੦ |
| ਸੰਗਤ ਇਲਾਕਾ ਦਸੂਹਾ (ਹੁਸ਼ਿਆਰਪੁਰ) | ੩੨੦-੦੦ |
| ਸ: ਜਗਜੀਤ ਸਿੰਘ M.A.B Ed. ਭੁਚੋ ਮੰਡੀ | ੨੦੦-੦੦ |
| ਸ: ਸਰੂਪ ਸਿੰਘ, ਪਟਿਆਲਾ (ਭੋਗਪੁਰ ਜਲੰਧਰ) | ੫੦-੦੦ |
| ਮਾ: ਸਾਧੂ ਸਿੰਘ ਬਹਿਲਪੁਰ (ਕੋਟ ਫਤੂਹੀ) | ੧੦੦-੦੦ |
| ਸ: ਗੁਰਬਖਸ਼ ਸਿੰਘ ਚੱਢਾ, ਬੰਬੇ-੩੭ | ੨੦੦੦-੦੦ |
| ਗੁਰਸਿਖ ਸੰਗਤ ਭੁਪਾਲ | ੫੦੦- ੦ |
| ਸ: ਅਜੀਤ ਸਿੰਘ ਨਾਚੀਜ਼, ਦਿਲੀ | ੧੦੦-੦੦ |
| ਗੁਪਤ, ਕਪੂਰਥਲਾ | ੨੦੦-੦ |
| ਗੁਪਤ, ਜਲੰਧਰ | ੧੦੦੦-੦੦ |
| ਸ: ਸਾਧੂ ਸਿੰਘ, ਵੈਨਕੋਵਰ, ਕੈਨੇਡਾ | ੨੦੯੦-੦੦ |
| ਸੰਗਤ ਪਟਨਾ ਸਾਹਿਬ | ੧੦੦੦-੦੦ |
| ਭਾਈ ਰਾਮ ਸਿੰਘ ਗੁੰਬੋ ਬਰਨਾਲਾ | ੧੫੦-੦੦ |
| ਭਾਈ ਜਰਨੈਲ ਸਿੰਘ ,, | ੫੦-੦੦ |
| ਭਾਈ ਸੁਰਜੀਤ ਸਿੰਘ ਮਿਸਤ੍ਰੀ ,, | ੫੦-੦੦ |
| ਸ: ਮਹਿੰਦਰ ਸਿੰਘ, ਕਾਲਕਾ ਜੀ ਨਵੀਂ ਦਿਲੀ | ੨੦੦-੦੦ |
| ਗੁਪਤ ਪ੍ਰੇਮੀ ਜੀ, ਸ੍ਰੀ ਅੰਮ੍ਰਿਤਸਰ | ੨੫੦-੦੦ |
| ਸਿੰਘ ਸਭਾ ਗੰਗਟੋਕ ਤੇ ਸੂਬੇਦਾਰ ਵਰਿਆਮ ਸਿੰਘ | ੧੧੨੫-੦੦ |
| ਜੋੜ | ੪੭੦੭੩-੦੦ |
| ਪਿਛਲੇ ਮਹੀਨੇ ਦਾ ਜੋੜ | ੭੬੧੩੩-੦੧ |
| ਅਜ ੨੮-੩-੮੫ ਤਕ ਕੁਲ ਜੋੜ | ੧,੨੩,੨੦੬-੦੧ |

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ।

# ਪੀੜਤ ਪਰਵਾਰਾਂ ਨੂੰ ਸਹਾਇਤਾ

ਦਿਲੀ, ਕਾਨਪੁਰ, ਅੰਮ੍ਰਿਤਸਰ ਅਤੇ ਭਾਰਤ ਦੇ ਹੋਰ ਸ਼ਹਿਰਾਂ ਵਿਚ ਸਿਖਾਂ ਤੇ ਜੋ ਜ਼ੁਲਮ ਢਾਹੇ ਗਏ, ਉਸ ਸੰਬੰਧ ਵਿਚ ਸੰਗਤਾਂ ਵਲੋਂ ਆਈ ਮਾਇਆ ਵਿਚੋਂ, ਪੀੜਤ ਪਰਵਾਰਾਂ ਨੂੰ ਹੇਠ ਲਿਖੇ ਅਨੁਸਾਰ ਸਹਾਇਤਾ ਦਿਤੀ ਗਈ ਤੇ ਦਿਤੀ ਜਾ ਰਹੀ ਹੈ—

| | |
|---|---|
| (੧) ਸ: ਲਵਇੰਦਰ ਸਿੰਘ (ਕਾਨਪੁਰ ਤੋਂ) ਅੰਮ੍ਰਿਤਸਰ ਨੂੰ ਸਾਈਕਲ | ੫੧੨-੩੮ |
| (੨) ਬੀਬੀ ਮਨਜੀਤ ਕੌਰ ਸੁਪਤਨੀ ਸ਼ਹੀਦ ਭਾਈ ਨਰਿੰਦਰ ਸਿੰਘ, ਜੇ.ਕੇ. ਕਾਲੋਨੀ, ਕਾਨਪੁਰ | ੧੦੦੦੦-੦੦ |
| (੩) ਬੀਬੀ ਹਰਵਿੰਦਰ ਕੌਰ ਸੁਪਤਨੀ ਸ਼ਹੀਦ ਭਾਈ ਸੁਰਿੰਦਰ ਸਿੰਘ, ਜੇ.ਕੇ. ਕਾਲੋਨੀ, ਕਾਨਪੁਰ | ੧੦੦੦੦-੦੦ |
| (੪) ਬੀਬੀ ਸੁਰਿੰਦਰ ਕੌਰ ਸੁਪਤਨੀ ਭਾਈ ਸਤਨਾਮ ਸਿੰਘ, ਗਿਲਾਂ (ਜਲੰਧਰ) | ੧੦੦੦੦-੦੦ |
| (੫) ਬੀਬੀ ਜਸਵੰਤ ਕੌਰ ਸੁਪਤਨੀ ਭਾਈ ਜਗੀਰ ਸਿੰਘ, ਕਾਲਾਬਾਲਾ (ਗੁਰਦਾਸਪੁਰ) | ੧੦੦੦੦-੦੦ |
| (੬) ਬੀਬੀ ਜਸਬੀਰ ਕੌਰ ਸੁਪਤਨੀ ਭਾਈ ਸਤਵੰਤ ਸਿੰਘ ਫੌਜੀ, ਅੰਮ੍ਰਿਤਸਰ | ੧੦੦੦੦-੦੦ |
| ਜੋੜ | ੫੦੫੧੨-੩੮ |
| ਪਿਛਲੇ ਮਹੀਨੇ ਦਿਤੀ ਗਈ ਸਹਾਇਤਾ | ੬੧੦੪੯-੯੦ |
| | ੧,੧੧,੫੬੨-੨੮ |

**ਕਾਨਪੁਰ ਵਿਖੇ ਟੰਪ੍ਰੇਰੀ ਡਿਊਟੀ ਦੇ ਦੌਰਾਨ ਠਹਿਰਨ ਵਾਲੇ ਗੁਰੂ ਕੇ ਲਾਲ ਭਾਈ ਰੇਸ਼ਮ ਸਿੰਘ ਜੀ, P-2/9 ਨਰੇਂਦਰਾ ਐਨਕਲੇਵ, ਚਕੇਰੀ, ਏਅਰੋਡਰੋਮ (ਨੇੜੇ ਮੇਨ ਕੋਟ) ਨੂੰ ਦਰਸ਼ਨ ਦੇਣ ਦੀ ਕਿਰਪਾ ਕਰਨ।**

## ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਰੈਣ ਸਬਾਈ ਕੀਰਤਨ

ਭਾਈ ਗੁਰਨਾਮ ਸਿੰਘ ਜੀ ਸੂਚਨਾ ਦੇਂਦੇ ਹਨ ਕਿ 5 ਮਈ ਐਤਵਾਰ ਦੀ ਰਾਤ ਨੂੰ ਗੁ: ਸ੍ਰੀ ਗੁਰੂ ਸਿੰਘ ਸਭਾ, ਹੈਵਲਾਕ ਰੋਡ, ਸਾਊਥਹਾਲ ਵਿਖੇ ਰੈਣ ਸਬਾਈ ਕੀਰਤਨ ਹੋ ਰਹੇ ਹਨ। ਲਾਹੇ ਪ੍ਰਾਪਤ ਕਰੋ ਜੀ। ਗੁਰਦਵਾਰਾ ਫੋਨ : 01-574-8901,

www.AKJ.Org

## ਰਾਮਗੜ੍ਹ (ਕਪੂਰਥਲਾ) ਵਿਖੇ ਰੈਣ ਸਬਾਈ ਕੀਰਤਨ

ਮਾ: ਗੁਰਬਚਨ ਸਿੰਘ ਜੀ ਦਿਆਲਪੁਰ ਸੂਚਨਾ ਦੇਂਦੇ ਹਨ ਕਿ 6 ਅਪ੍ਰੈਲ ਸ਼ਨੀਵਾਰ ਰਾਤ ਨੂੰ ਭਾਈ ਜਵਾਹਰ ਸਿੰਘ ਦੇ ਗ੍ਰਿਹ ਰਾਮਗੜ੍ਹ ਵਿਖੇ ਰੈਣ ਸਬਾਈ ਕੀਰਤਨ ਹੋਣਗੇ। ਆਇ ਜੁੜੋ ਤੇ ਲਾਹੇ ਪ੍ਰਾਪਤ ਕਰੋ। ਪਿੰਡ ਰਾਮਗੜ੍ਹ ਕਰਤਾਰਪੁਰ ਭੁਲੱਥ ਸੜਕ ਉਪਰ ਹੈ। ਸ਼ਾਮ ਨੂੰ ਫਗਵਾੜੇ ਤੋਂ ਟਰਕ ਚਲੇਗਾ, ਜੋ ਰਾਮਾ ਮੰਡੀ ਹੁੰਦਾ ਹੋਇਆ ਰਾਮਗੜ੍ਹ ਪੁਜੇਗਾ।

---

## ਪਾਰੋਵਾਲ ਵਿਖੇ ਸ਼ਹੀਦਾਂ ਦੀ ਯਾਦ ਵਿਚ ਸ੍ਰੀ ਅਖੰਡਪਾਠ ਤੇ ਰੈਣ ਸਬਾਈ ਕੀਰਤਨ

ਸ੍ਰੀ ਹਰਿਮੰਦਰ ਸਾਹਿਬ ਅੰਦਰ ਮਿਲਟਰੀ ਐਕਸ਼ਨ ਸਮੇਂ ਹੋਏ ਸ਼ਹੀਦ ਭਾਈ ਅਵਤਾਰ ਸਿੰਘ ਜੀ ਤੇ ਹੋਰ ਸ਼ਹੀਦਾਂ ਦੀ ਯਾਦ ਵਿਚ ਪਾਰੋਵਾਲ (ਗੁਰਦਾਸਪੁਰ) ਵਿਖੇ 25 ਤੋਂ 27 ਅਪ੍ਰੈਲ ਤਕ ਸ੍ਰੀ ਅਖੰਡਪਾਠ ਤੇ ਕੀਰਤਨ ਹੋਵੇਗਾ। ਸ਼ਨੀਵਾਰ 27 ਅਪ੍ਰੈਲ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ। ਸ਼ਹੀਦਾਂ ਦੀ ਯਾਦ ਵਿਚ ਹਾਜ਼ਰੀਆਂ ਭਰੋ ਜੀ। ਸੰਗਤਾਂ ਲਈ 27 ਅਪ੍ਰੈਲ ਸ਼ਾਮ 6 ਵਜੇ 2-ਅਜੀਤ ਨਗਰ ਅੰਮ੍ਰਿਤਸਰ ਤੋਂ ਬਸ ਚਲੇਗੀ। ਦਾਸਰੇ—ਅਖੰਡ ਕੀਰਤਨੀ ਜਥਾ, ਗੁਰਦਾਸਪੁਰ

---

## ਹੁਸ਼ਿਆਰਪੁਰ ਵਿਖੇ ਸ਼ਹੀਦ ਭਾਈ ਕੇਵਲ ਸਿੰਘ ਦੀ ਯਾਦ ਵਿਚ ਸਾਲਾਨਾ ਸਮਾਗਮ

ਸ਼ਹੀਦ ਭਾਈ ਕੇਵਲ ਸਿੰਘ ਦੀ ਯਾਦ ਵਿਚ ਗੁਰਦੁਆਰਾ ਕਲਗੀਧਰ ਚਰਨ ਪਾਵਨ, ਮਾਡਲ ਟਾਊਨ, ਹੁਸ਼ਿਆਰਪੁਰ ਵਿਖੇ 7 ਅਪ੍ਰੈਲ ਐਤਵਾਰ ਨੂੰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਪੈਣਗੇ। ਉਪਰੰਤ ਦੁਪਹਿਰ ਤਕ ਅਖੰਡ ਕੀਰਤਨ ਹੋਣਗੇ।

ਦਾਸਰੇ—ਅਖੰਡ ਕੀਰਤਨੀ ਜਥਾ, ਹੁਸ਼ਿਆਰਪੁਰ

---

## ਚੰਡੀਗੜ੍ਹ ਵਿਖੇ ਸ੍ਰੀ ਅਖੰਡਪਾਠ ਤੇ ਅਖੰਡ ਕੀਰਤਨ

ਭਾਈ ਸਤਨਾਮ ਸਿੰਘ ਜੀ 245, ਸੈਕਟਰ 35-ਏ ਨੇੜੇ ਗੁਰਦੁਆਰਾ ਸਾਹਿਬ ਸੰਗਤਾਂ ਦੀ ਸੇਵਾ ਵਿਚ ਬਾਰ ਬਾਰ ਜੋਦੜੀ ਕਰਦੇ ਹਨ ਕਿ ਉਨ੍ਹਾਂ ਦੇ ਗ੍ਰਿਹ ਵਿਖੇ 7 ਅਪ੍ਰੈਲ ਨੂੰ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਦੁਪਹਿਰ ਤਕ ਹੋ ਰਹੇ ਅਖੰਡ ਕੀਰਤਨ ਵਿਚ ਜ਼ਰੂਰ ਜਰਰ ਦਰਸ਼ਨ ਬਖਸ਼ੋ ਜੀ।

---

## ਪਿੰਡ ਰੋੜਾ ਤਸੀਲ ਖਰੜ ਵਿਖੇ ਸ੍ਰੀ ਅਖੰਡਪਾਠ ਤੇ ਕੀਰਤਨ

ਭਾਈ ਗੁਰਚਰਨ ਸਿੰਘ ਜੀ ਮੁੰਡੀ ਖਰੜ ਸੂਚਨਾ ਦੇਂਦੇ ਹਨ ਕਿ ਭਾਈ ਰਾਮ ਪ੍ਰਕਾਸ਼ ਸਿੰਘ ਦੇ ਗ੍ਰਿਹ ਪਿੰਡ ਰੋੜਾ ਵਿਚ 7 ਅਪ੍ਰੈਲ ਐਤਵਾਰ ਨੂੰ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਦਿਨੇ 12 ਵਜੇ ਤਕ ਅਖੰਡ ਕੀਰਤਨ ਹੋਣਗੇ। ਆਇ ਜੁੜੋ ਜੀ।

---

## ਅੰਬਾਲਾ ਛਾਉਣੀ ਵਿਖੇ ਸ੍ਰੀ ਅਖੰਡਪਾਠ ਤੇ ਰੈਣ ਸਬਾਈ ਕੀਰਤਨ

ਬੀਬੀ ਗੋਬਿੰਦ ਕੌਰ ਬੇਨਤੀ ਕਰਦੇ ਹਨ ਕਿ ਉਨ੍ਹਾਂ ਦੇ ਗ੍ਰਿਹ 43-ਏ, ਗੋਬਿੰਦ ਨਗਰ, ਅੰਬਾਲਾ ਛਾਉਣੀ ਵਿਖੇ 6 ਅਪ੍ਰੈਲ ਸ਼ਨੀਵਾਰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ 11 ਵਜੇ ਤਕ ਕੀਰਤਨ ਹੋਣੇ ਹਨ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ। ਲਾਹੇ ਪ੍ਰਾਪਤ ਕਰੋ ਜੀ।

---

## ਪਿੰਡ ਘਣਗਸ (ਲੁਧਿਆਣਾ) ਵਿਖੇ ਰੈਣ ਸਬਾਈ ਕੀਰਤਨ

ਮਾਸਟਰ ਸਤਵੰਤ ਸਿੰਘ ਜੀ ਰਾਮਪੁਰ ਸੂਚਨਾ ਦੇਂਦੇ ਹਨ ਕਿ 20 ਅਪ੍ਰੈਲ ਸ਼ਨੀਵਾਰ ਦੀ ਰਾਤ ਨੂੰ ਡਾਕਟਰ ਕੰਵਰ ਸਿੰਘ ਦੇ ਗ੍ਰਿਹ ਵਿਖੇ ਪਿੰਡ ਘਣਗਸ ਨੇੜੇ ਗੜ੍ਹਾ ਸਾਹਿਬ ਵਿਖੇ ਰੈਣ ਸਬਾਈ ਕੀਰਤਨ ਹੋਣਗੇ। ਪੁਜ ਕੇ ਲਾਹੇ ਪ੍ਰਾਪਤ ਕਰੋ ਜੀ।

---

## ਚੰਡੀਗੜ੍ਹ ਵਿਖੇ ਸ੍ਰੀ ਅਖੰਡਪਾਠ ਤ ਅਖੰਡ ਕੀਰਤਨ

ਸ: ਪ੍ਰਿਤਪਾਲ ਸਿੰਘ ਬੇਨਤੀ ਕਰਦੇ ਹਨ ਕਿ ਉਨ੍ਹਾਂ ਦੀ ਸੁਪਤਨੀ ਦੀ ਯਾਦ ਵਿਚ ਉਨ੍ਹਾਂ ਦੇ ਗ੍ਰਿਹ 2518, ਸੈਕਟਰ 23-ਸੀ ਵਿਖੇ 5 ਮਈ ਐਤਵਾਰ ਨੂੰ ਸ੍ਰੀ ਅਪੰਡਪਾਠ ਦੇ ਭੋਗ ਤੋਂ ਉਪਰੰਤ ਦੁਪਹਿਰ ਇਕ ਵਜੇ ਤਕ ਕੀਰਤਨ ਹੋਣਗੇ। ਦਰਸ਼ਨ ਬਖਸ਼ੋ ਜੀ।

---

## ਕਪੂਰਥਲਾ ਵਿਖੇ ਸ੍ਰੀ ਅਖੰਡਪਾਠ ਤੇ ਅਖੰਡ ਕੀਰਤਨ

ਭਾਈ ਸਾਧੂ ਸਿੰਘ, ਅੰਮ੍ਰਿਤ ਬਜ਼ਾਰ ਕਪੂਰਥਲਾ ਬੇਨਤੀ ਕਰਦੇ ਹਨ ਕਿ ਉਨ੍ਹਾਂ ਦੀ ਸਿੰਘਣੀ ਦੀ ਯਾਦ ਵਿਚ 5 ਮਈ ਐਤਵਾਰ ਨੂੰ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਦਿਨੇ 12 ਵਜੇ ਤਕ ਅਖੰਡ ਕੀਰਤਨ ਹੋਣਗੇ। ਦਰਸ਼ਨ ਬਖਸ਼ੋ ਜੀ।

---

## ਪਿੰਡ ਪ੍ਰੇਮਪੁਰ (ਹੁਸ਼ਿਆਰਪੁਰ) ਵਿਖੇ 22 ਅਪ੍ਰੈਲ ਦਾ ਪ੍ਰੋਗਰਾਮ ਨਹੀਂ ਹੋਵੇਗਾ।

www.AKJ.Org

# ਵੈਸਾਖੀ ਅਖੰਡ ਕੀਰਤਨ ਸਮਾਗਮ ਸ੍ਰੀ ਅੰਮ੍ਰਿਤਸਰ ਵਿਖੇ

## ੧੧ ਅਪ੍ਰੈਲ ਵੀਰਵਾਰ ਸਵੇਰ ਤੋਂ ੧੪ ਅਪ੍ਰੈਲ ੧੯੮੫ ਐਤਵਾਰ ਸਵੇਰ ਤਕ

ਹਰ ਸਾਲ ਵਾਂਗ ਸ਼ਹੀਦਾਂ ਦੀ ਯਾਦ ਵਿਚ ਖਾਲਸਾ ਜੀ ਦਾ ਜਨਮ-ਦਿਨ ਵੈਸਾਖੀ ਮਨਾਂਦਿਆਂ ਹੇਠ ਲਿਖੇ ਪ੍ਰੋਗਰਾਮ ਹੋ ਰਹੇ ਹਨ। ਨਾਮ-ਬਾਣੀ ਵਿਚ ਜੁੜਨ ਲਈ, ਕੀਰਤਨ ਦੇ ਲਾਹੇ ਲੈਣ ਲਈ, ਅੰਮ੍ਰਿਤ-ਸਰੋਵਰ ਦੇ ਇਸ਼ਨਾਨ ਲਈ, ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਦੀਦਾਰਿਆਂ ਲਈ ਆਇ ਦੀਦਾਰ ਬਖ਼ਸ਼ੋ ਜੀ।

| | |
|---|---|
| ੧੧ ਅਪ੍ਰੈਲ ਸਵੇਰੇ ੪ ਤੋਂ ੭ ਆਸਾ ਦੀ ਵਾਰ ਉਪ੍ਰੰਤ ਸ੍ਰੀ ਅਖੰਡ ਪਾਠ ਅਰੰਭ | ਸ੍ਰੀ ਗੁਰੂ ਰਾਮਦਾਸ ਹਾ: ਸੈ: ਸਕੂਲ ਵਿਖੇ |
| ਸਵੇਰੇ ੧੦ ਵਜੇ ਕੀਰਤਨ-ਉਤਸ਼ਾਹਤ ਬੱਚਿਆਂ ਦੀ ਪ੍ਰੀਖਿਆ | |
| ਸ਼ਾਮ ੬ ਤੋਂ ੮-੩੦ ਸੋਦਰ ਤੇ ਅਖੰਡ ਕੀਰਤਨ | ਗੁ: ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਸ਼ਹੀਦ |
| ੧੨ ਅਪ੍ਰੈਲ ਸਵੇਰੇ ੩-੩੦ ਤੋਂ ੬-੩੦ ਕੀਰਤਨ ਆਸਾ ਦੀ ਵਾਰ ਸ੍ਰੀ ਹਰਿਮੰਦਰ ਸਾਹਿਬ ਵਿਖੇ | |
| ੭ ਤੋਂ ੧੧ ਅਖੰਡ ਕੀਰਤਨ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ | |
| ਸਾਮ ੬ ਤੋਂ ੯ ਸੋਦਰ ਤੇ ਅਖੰਡ ਕੀਰਤਨ ਗੁਰਦੁਆਰਾ ਪਿਪਲੀ ਸਾਹਿਬ (ਪੁਤਲੀ ਘਰ) | |
| ੧੩ ਅਪ੍ਰੈਲ ਸਵੇਰੇ ੫ ਵਜੇ ਭੋਗ ਸ੍ਰੀ ਅਖੰਡ ਪਾਠ, ੫॥ ਤੋਂ ੯ ਆਸਾ ਦੀ ਵਾਰ | ਗੁ: ਰਾਮਦਾਸ ਖਾ: ਹਾ: ਸੈ: ਸਕੂਲ |
| ੯ ਤੋਂ ੧੦ ਅਨੰਦ ਕਾਰਜ, ਉਪਰੰਤ ੧ ਵਜੇ ਤਕ ਕੀਰਤਨ | |
| ਅਤੇ ਕੀਰਤਨ-ਉਤਸ਼ਾਹਤ ਬੱਚਿਆਂ ਨੂੰ ਸਿਰੋਪਾ | ,, ,, ,, |
| ਸ਼ਾਮ ੪ ਵਜੇ ਅੰਮ੍ਰਿਤ-ਸੰਚਾਰ ਅਰੰਭ | ,, ,, ,, |
| ਸ਼ਾਮ ੭ ਵਜੇ ਸੋਦਰ ਤੋਂ ਉਪਰੰਤ ਰੈਣ ਸਬਾਈ ਕੀਰਤਨ ਅਰੰਭ ਗੁ: ਮੰਜੀ ਸਾਹਿਬ ਹਾਲ ਵਿਖੇ | |
| ੧੪ ਅਪ੍ਰੈਲ ਸਵੇਰੇ ੪ ਵਜੇ ਸਮਾਪਤੀ ਰੈਣ ਸਬਾਈ ਕੀਰਤਨ | |

ਨੋਟ-(੧) ਲੋੜ ਪੈਣ ਤੇ ਪ੍ਰੋਗਰਾਮ ਵਿਚ ਤਬਦੀਲੀ ਹੋ ਸਕਦੀ ਹੈ। (੨) ਆਪਣੀ ਲੋੜ ਮੂਜਬ ਬਿਸਤਰੇ ਨਾਲ ਲਿਆਓ ਜੀ। (੩) ਰਿਹਾਇਸ਼ ਗੁਰੂ ਰਾਮਦਾਸ ਖਾਲਸਾ ਹਾਇਰ ਸੈਕੰਡਰੀ ਸਕੂਲ, ਰਾਮਸਰ ਰੋਡ, ਸ੍ਰੀ ਅੰਮ੍ਰਿਤਸਰ ਵਿਖੇ ਹੋਵੇਗੀ।

ਪੁਛ ਗਿਛ : 'ਸੂਰਾ', ਮਾਈ ਸੇਵਾਂ, ਅੰਮ੍ਰਿਤਸਰ ਫੋਨ 51847 ਦਾਸਰੇ—ਅਖੰਡ ਕੀਰਤਨੀ ਜਥਾ, ਸ੍ਰੀ ਅੰਮ੍ਰਿਤਸਰ

# ਹੁਸ਼ਿਆਰਪੁਰ ਵਿਖੇ ਸ਼ਹੀਦੀ ਸਾਲਾਨਾ ਸਮਾਗਮ

## ੨੧ ਮਈ ਮੰਗਲਵਾਰ ਤੋਂ ੨੬ ਮਈ ੧੯੮੫ ਐਤਵਾਰ ਤਕ—ਵੇਰਵਾ ਆਉਂਦੇ ਪਰਚੇ ਵਿਚ

## ਕੁਮਾਰਹੱਟੀ (ਸ਼ਿਮਲਾ) ਵਿਖੇ ਸਾਲਾਨਾ ਸ੍ਰੀ ਅਖੰਡ ਪਾਠ ਤੇ ਕੀਰਤਨ

ਭਾਈ ਸਾਹਿਬ ਆਤਮਾ ਸਿੰਘ ਜੀ ਸੂਚਨਾ ਦਿੰਦੇ ਹਨ ਕਿ ਸ੍ਰੀਮਾਨ ਭਾ: ਸ: ਭਾਈ ਰਣਧੀਰ ਸਿੰਘ ਜੀ ਦੇ ਗਰਮੀਆਂ ਦੇ ਨਿਵਾਸ-ਅਸਥਾਨ ਕੁਮਾਰਹੱਟੀ ਗੁਰਦੁਆਰਾ ਤਪੋ-ਬਨ ਵਿਖੇ ੩ ਤੋਂ ੫ ਮਈ ੧੯੮੫ ਤਕ ਸ੍ਰੀ ਅਖੰਡ ਪਾਠ ਹੋਣਗੇ। ਰੋਜ਼ਾਨਾ ਅੰਮ੍ਰਿਤ ਵੇਲੇ ਨਾਮ ਅਭਿਆਸ, ਨਿਤਨੇਮ ਅਤੇ ਕੀਰਤਨ ਆਸਾ ਦੀ ਵਾਰ ਤੇ ਸ਼ਾਮ ਨੂੰ ਸੋਦਰ ਦੀ ਚੌਕੀ ਦੇ ਪ੍ਰੋਗਰਾਮ ਹੋਣਗੇ। ਐਤਵਾਰ ੫ ਮਈ ਨੂੰ ਸਵੇਰੇ ਸ੍ਰੀ ਅਖੰਡ ਪਾਠ ਦੇ ਭੋਗ ਉਪਰੰਤ ਦੁਪਹਿਰ ਤਕ ਅਖੰਡ ਕੀਰਤਨ ਹੋਣਗੇ।

[ਕੁਮਾਰ ਹੱਟੀ ਕਾਲਕਾ-ਸ਼ਿਮਲਾ ਲਾਈਨ ਤੇ ਰੇਲਵੇ ਸਟੇਸ਼ਨ ਹੈ।]

## ਸ੍ਰੀ ਅੰਮ੍ਰਿਤਸਰ ਵਿਖੇ ਸਤਿਗੁਰਾਂ ਦੇ ਲਾਡਲੇ ਢਾਡੀ ਜੋੜੇ ਦੀ ਯਾਦ ਵਿਚ ਸਾਲਾਨਾ ਸਮਾਗਮ

ਭਾਈ ਸੂਰਤ ਸਿੰਘ ਪੂਰਨ ਜੀ ਅਤੇ ਬੀਬੀ ਭੂਪਿੰਦਰ ਕੌਰ ਜੀ ਦੇ ਬੀਰ-ਬਾਂਕੇ ਹੀਰੇ ਕੀਰਤਨੀ ਲਾਲ ਵੀਰਿੰਦਰ ਸਿੰਘ ਤੇ ਰੂਪਿੰਦਰ ਸਿੰਘ ਦੀ ਤੀਜੀ ਸਾਲਾਨਾ ਯਾਦ ਵਿਚ ੩੭ ਬ੍ਰਹਮ ਬੂਟਾ ਮਾਰਕੀਟ ਕਾਲੋਨੀ (ਨੇੜੇ ਗੁਰੂ ਰਾਮਦਾਸ ਸਰਾਏ) ਸ੍ਰੀ ਅੰਮ੍ਰਿਤਸਰ ਵਿਚ ੨ ਤੋਂ ੬ ਅਪ੍ਰੈਲ ਤਕ ਦੋ ਸ੍ਰੀ ਅਖੰਡ ਪਾਠ ਹੋਣਗੇ ਅਤੇ ਅਰੰਭ ਤੇ ਭੋਗ ਸਮੇਂ ਕੀਰਤਨ-ਅਖਾੜੇ ਸਜਣਗੇ। ੭ ਅਪ੍ਰੈਲ ਐਤਵਾਰ ਨੂੰ ਸ: ਮਾਨ ਸਿੰਘ ਬੀਬੀ ਆਗਿਆ ਕੌਰ ਦੇ ਨਿਵਾਸ 'ਵੀਰ-ਰੂਪ ਵਿਲਾ' ੧੯੫ ਅਜੀਤ ਨਗਰ, ਸ੍ਰੀ ਅੰਮ੍ਰਿਤਸਰ ਵਿਖੇ ੬ ਤੋਂ ੧੧-੩੦ ਤਕ ਆਸਾ ਦੀ ਵਾਰ ਅਤੇ ਅਖੰਡ ਕੀਰਤਨ ਹੋਣਗੇ। ਪ੍ਰੋਗਰਾਮ ਵਿਚ ਦਰਸ਼ਨ ਦੀਦਾਰ ਬਖਸ ਕੇ ਪਿਆਰੇ ਲਾਲਾਂ ਨੂੰ ਸਚਖੰਡੀ ਭੋਜਨ ਦੀ ਸੁਗਾਤ ਭੇਜ ਕੇ ਕਿਰਤਾਰਥ ਕਰੋ ਜੀ।

ਸੂਰਾ ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ ਜੀ

www.AKJ.Org